Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 278 25/03/2026 www.samajweekly.com samajweekly @samajweekly samajweekly

# ਧਰਮ ਪਰਿਵਰਤਨ ਕਰਨ 'ਤੇ ਖ਼ਤਮ ਹੋ ਜਾਵੇਗਾ SC/ST ਦਰਜਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਧਰਮ ਪਰਿਵਰਤਨ ਨੂੰ ਲੈ ਕੇ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾਇਆ ਹੈ।ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੇਕਰ ਧਰਮ ਪਰਿਵਰਤਨ ਕਰਦੇ ਹੋ ਤਾਂ ਐਸਸੀ/ਐਸਟੀ ਦਰਜਾ ਖਤਮ ਹੋ ਜਾਵੇਗਾ।ਇਸ ਤੋਂ ਇਲਾਵਾ ਜੋ ਵੀ ਲਾਭ ਮਿਲਦੇ ਹਨ ਉਹ ਬੰਦ ਹੋਣ ਜਾਣਗੇ।

ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ ਵਿਅਕਤੀ ਜੋ ਉਦ-ਾਹਰਣ ਵਜੋਂ ਈਸਾਈ ਧਰਮ ਅਪਣਾਉਂਦਾ ਹੈ ਅਤੇ ਈਸਾਈ ਧਰਮ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਸਨੂੰ ਅਨੁਸੂਚਿਤ ਜਾਤੀ ਨਹੀਂ ਮੰਨਿਆ ਜਾ ਸਕਦਾ। ਅਦਾਲਤ ਨੇ ਇਹ ਵੀ ਕਿਹਾ ਕਿ ਹਿੰਦੂ ਧਰਮ, ਸਿੱਖ ਧਰਮ ਅਤੇ ਬੁੱਧ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਪਾਲਣ ਕਰਨ ਵਾਲੇ ਵਿਅਕਤੀ ਨੂੰ ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾ ਸਕਦਾ।

### ਪੂਰਾ ਮਾਮਲਾ ਕੀ ਹੈ?

ਸੁਪਰੀਮ ਕੋਰਟ ਨੇ ਕਿਹਾ ਕਿ ਸੰਵਿਧਾਨਕ ਆਦੇਸ਼, 1950, ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਧਾਰਾ 3 ਵਿੱਚ ਦੱਸੇ ਗਏ ਧਰਮਾਂ ਤੋਂ ਇਲਾਵਾ ਕਿਸੇ ਵੀ ਹੋਰ ਧਰਮ ਵਿੱਚ ਪਰਿਵਰਤਨ, ਭਾਵੇਂ ਜਨਮ ਕੋਈ ਵੀ ਹੋਵੇ, ਅਨੁਸੂਚਿਤ ਜਾਤੀ ਦਾ ਦਰਜਾ



ਤੁਰੰਤ ਖਤਮ ਹੋ ਜਾਂਦਾ ਹੈ।

### ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ

ਇਹ ਸਾਰਾ ਵਿਵਾਦ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਉਸ ਫੈਸਲੇ ਤੋਂ ਪੈਦਾ ਹੋਇਆ ਹੈ ਜਿਸਨੂੰ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਉਸ ਪੁਰਾਣੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਜੋ ਵਿਅਕਤੀ ਈਸਾਈ ਧਰਮ ਅਪਣਾਉਂਦੇ ਹਨ ਅਤੇ ਉਸ ਧਰਮ ਦਾ ਸਰਗਰਮੀ ਨਾਲ ਅਭਿਆਸ ਕਰਦੇ ਹਨ, ਉਹ ਆਪਣੀ ਅਨੁਸੂਚਿਤ ਜਾਤੀ (SC) ਸਥਿਤੀ ਨੂੰ ਬਰਕਰਾਰ ਨਹੀਂ ਰੱਖ ਸਕਦੇ। ਸੁਪਰੀਮ ਕੋਰਟ ਦੀ ਇਸ ਪ੍ਰਵਾਨਗੀ ਨਾਲ, ਇਹ ਨਿਯਮ ਹੁਣ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ।

# 13 ਸਾਲ ਤਕ ਕੋਮਾ ’ਚ ਰਹਿਣ ਮਗਰੋਂ ਹਰੀਸ਼ ਰਾਣਾ ਦੀ ਏਮਜ਼-ਦਿੱਲੀ ’ਚ ਮੌਤ

## ਸੁਪਰੀਮ ਕੋਰਟ ਨੇ ਦਿੱਤੀ ਸੀ ਇੱਛਾ ਮੌਤ ਦੀ ਇਜਾਜ਼ਤ

**ਨਵੀਂ ਦਿੱਲੀ।** ਭਾਰਤ ਵਿੱਚ ਇੱਛਾਮੌਤ ਦੀ ਇਜਾਜ਼ਤ ਮਿਲਣ ਵਾਲੇ ਪਹਿਲੇ ਵਿਅਕਤੀ ਹਰੀਸ਼ ਰਾਣਾ ਦਾ ਮੰਗਲਵਾਰ ਨੂੰ ਏਮਜ਼-ਦਿੱਲੀ ਵਿੱਚ ਦੇਹਾਂਤ ਹੋ ਗਿਆ। 31 ਸਾਲ ਦਾ ਹਰੀਸ਼ 2013 ਤੋਂ ਕੋਮਾ ਵਿੱਚ ਸੀ, ਜਦੋਂ ਉਹ ਪੰਜਾਬ ਯੂਨੀਵਰਸਿਟੀ ਵਿੱਚ ਬੀ.ਟੈਕ. ਦੀ ਪੜ੍ਹਾਈ ਕਰਦੇ ਹੋਏ ਚੌਥੀ ਮੰਜ਼ਿਲ ਤੋਂ ਡਿੱਗ ਕੇ ਗੰਭੀਰ ਸਿਰ ਦੀ ਸੱਟ ਦਾ ਸ਼ਿਕਾਰ ਹੋ ਗਿਆ ਸੀ। ਸੁਪਰੀਮ ਕੋਰਟ ਨੇ 11 ਮਾਰਚ ਨੂੰ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਹਰੀਸ਼ ਲਈ ਇੱਛਾਮੌਤ ਦੀ ਮਨਜ਼ੂਰੀ ਦਿੱਤੀ ਸੀ। ਇਸ ਤੋਂ ਬਾਅਦ 14 ਮਾਰਚ ਨੂੰ ਉਸ ਨੂੰ ਏਮਜ਼ ਦੇ ਪੈਲੀਏਟਿਵ ਕੇਅਰ ਯੂਨਿਟ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਹੌਲੀ-ਹੌਲੀ ਜੀਵਨ ਰਖਿਆ ਪ੍ਰਣਾਲੀ ਹਟਾਈ ਗਈ। ਹਰੀਸ਼ ਦੇ ਪਿਤਾ ਅਸ਼ੋਕ ਰਾਣਾ ਨੇ ਕਿਹਾ, “ਇਹ ਫ਼ੈਸਲਾ ਸਾਡੇ ਪਰਿਵਾਰ ਲਈ ਕੋਈ ਨਿੱਜੀ ਲਾਭ ਨਹੀਂ



ਲਿਆਉਂਦਾ, ਪਰ ਹੋਰ ਪਰਿਵਾਰਾਂ ਲਈ ਰਾਹ ਸੁਝਾਏਗਾ। ਹਰੀਸ਼ ਦੀ ਇੱਜ਼ਤ ਮੁੜ ਬਹਾਲ ਹੋਵੇਗੀ।” ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਸੀ, “ਉਸ ਦਾ ਪਰਿਵਾਰ ਕਦੇ ਵੀ ਉਸਦੇ ਨਾਲੋਂ ਦੂਰ ਨਹੀਂ ਹੋਇਆ। ਇਹ ਪਿਆਰ ਅਤੇ ਸਮਰਪਣ ਦੀ ਮਿਸਾਲ ਹੈ।”

ਡਾ. ਸੀਮਾ ਮਿਸ਼ਰਾ ਦੀ ਅਗਵਾਈ ਹੇਠ ਇਕ ਵਿਸ਼ੇਸ਼ ਮੈਡੀਕਲ ਟੀਮ ਨੇ ਇਹ ਪ੍ਰਕਿਰਿਆ ਪੂਰੀ ਕੀਤੀ। ਕੋਰਟ ਨੇ ਕੇਂਦਰ ਸਰਕਾਰ ਨੂੰ ਪੈਸਿਵ ਯੂਥੇਨੇਸ਼ੀਆ ’ਤੇ ਵਿਸਤ੍ਰਿਤ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਵੀ ਕੀਤੀ।

# ਈਰਾਨ ਨੇ ਝੁਕਣ ਤੋਂ ਕੀਤਾ ਇਨਕਾਰ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ

**ਤਹਿਰਾਨ/ਤੇਲ ਅਵੀਵ :** ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੇ ਤਣਾਅ ਨੂੰ ਘੱਟ ਕਰਨ ਲਈ ਕੂਟਨੀਤਕ ਯਤਨ ਤੇਜ਼ ਹੋ ਗਏ ਹਨ, ਪਰ ਸਥਿਤੀ ਅਜੇ ਵੀ ਵਧਦੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਊਰਜਾ ਅਤੇ ਬਿਜਲੀ ਬੁਨਿਆਦੀ ਢਾਂਚੇ 'ਤੇ ਸੰਭਾਵੀ ਹਮਲਿਆਂ ਨੂੰ ਪੰਜ ਦਿਨਾਂ ਲਈ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਤਾਜ਼ਾ ਵਿਕਾਸ ਵਿੱਚ, ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਈਰਾਨ ਤੋਂ ਮਿਜ਼ਾਈਲਾਂ ਦਾਗੀਆਂ ਜਾ ਰਹੀਆਂ ਹਨ। ਕੁਵੈਤ ਨੇ ਵੀ ਡਰੋਨ ਅਤੇ ਮਿਜ਼ਾਈਲ ਹਮਲਿਆਂ ਦੀ ਰਿਪੋਰਟ ਕੀਤੀ ਹੈ। ਈਰਾਨ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ! ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ ਗਈਆਂ, ਕੁਵੈਤ ਨੇ ਵੀ ਡਰੋਨ ਹਮਲਿਆਂ ਦਾ ਦਾਅਵਾ ਕੀਤਾ; ਟਰੰਪ ਦੇ ਐਲਾਨ ਤੋਂ ਬਾਅਦ ਵੀ ਹਮਲੇ ਜਾਰੀ ਹਨ: ਇਜ਼ਰਾਈਲੀ ਫੌਜ ਨੇ ਮੰਗਲਵਾਰ ਸਵੇਰੇ ਨਾਗਰਿਕਾਂ ਲਈ ਐਮਰਜੈਂਸੀ ਅਲਰਟ ਜਾਰੀ ਕੀਤਾ। ਫੌਜ ਦੇ ਅਨੁਸਾਰ, ਈਰਾਨ ਤੋਂ ਕਈ ਮਿਜ਼ਾਈਲਾਂ ਦਾਗੀਆਂ ਗਈਆਂ, ਜਿਸ ਨਾਲ ਤਣਾਅ ਹੋਰ ਵਧ ਗਿਆ। ਇੱਕ



ਸੰਖੇਪ ਬਿਆਨ ਵਿੱਚ ਕਿਹਾ ਗਿਆ ਹੈ ਕਿ ਹਵਾਈ ਰੱਖਿਆ ਪ੍ਰਣਾਲੀਆਂ ਸਰਗਰਮ ਹਨ ਅਤੇ ਆਉਣ ਵਾਲੀਆਂ ਮਿਜ਼ਾਈਲਾਂ ਨੂੰ ਬੇਅਸਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪ੍ਰਭਾਵਿਤ ਖੇਤਰਾਂ ਵਿੱਚ ਇੱਕ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੌਰਾਨ, ਇੱਕ ਘੰਟੇ ਵਿੱਚ ਦੂਜੀ ਵਾਰ, ਕੁਵੈਤੀ ਫੌਜ ਨੇ ਰਿਪੋਰਟ ਦਿੱਤੀ ਕਿ ਉਸਦੇ ਹਵਾਈ ਰੱਖਿਆ ਪ੍ਰਣਾਲੀ ਮਿਜ਼ਾਈਲ ਅਤੇ ਡਰੋਨ ਹਮਲਿਆਂ ਦਾ ਜਵਾਬ ਦੇ ਰਹੇ ਹਨ। ਇਸਨੇ ਨਾਗਰਿਕਾਂ ਨੂੰ ਸੁਰੱਖਿਆ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ। ਇਸ ਦੌਰਾਨ, ਈਰਾਨ ਦੀ ਅਰਧ-ਸਰਕਾਰੀ ਫਾਰਸ ਨਿਊਜ਼ ਏਜੰਸੀ ਨੇ ਊਰਜਾ ਬੁਨਿਆਦੀ ਢਾਂਚੇ 'ਤੇ ਨਵੇਂ ਹਵਾਈ ਹਮਲਿਆਂ ਦੀ ਰਿਪੋਰਟ ਦਿੱਤੀ। ਏਜੰਸੀ ਦੇ ਅਨੁਸਾਰ, ਮੰਗਲਵਾਰ ਤੜਕੇ ਦੋ ਵੱਖ-ਵੱਖ ਊਰਜਾ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਪਹਿਲਾਂ ਹੀ ਤਣਾਅਪੂਰਨ ਸਥਿਤੀ ਹੋਰ ਵਧ ਗਈ। ਇਹ ਘਟਨਾਵਾਂ ਅਜਿਹੇ ਸਮੇਂ ਵਿੱਚ ਵਾਪਰੀਆਂ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀ ਸਮਾਂ ਸੀਮਾ ਵਧਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਇਸ ਸਮੇਂ ਈਰਾਨੀ ਪਾਵਰ ਪਲਾਂਟਾਂ 'ਤੇ ਹਮਲੇ ਪੰਜ ਦਿਨਾਂ ਲਈ ਮੁਲਤਵੀ ਕਰ ਰਿਹਾ ਹੈ।

# ਗਗਨਦੀਪ ਰੰਧਾਵਾ ਖ਼ੁਦਕੁਸ਼ੀ ਮਾਮਲਾ: ਸਖ਼ਤ ਸ਼ਰਤਾਂ ਹੇਠ ਪੋਸਟਮਾਰਟਮ ਸ਼ੁਰੂ

**ਅੰਮ੍ਰਿਤਸਰ।** ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਅੱਜ ਪਰਿਵਾਰ ਦੀਆਂ ਸਖ਼ਤ ਸ਼ਰਤਾਂ ਅਨੁਸਾਰ ਸ਼ੁਰੂ ਹੋ ਗਿਆ ਹੈ। ਪਰਿਵਾਰ ਦੀ ਮੰਗ ਸੀ ਕਿ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਿਨਾਂ ਪੋਸਟਮਾਰਟਮ ਨਹੀਂ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਬੀਤੇ ਕੱਲ੍ਹ ਪੁਲੀਸ ਨੇ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਅੱਜ ਭੁੱਲਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਰੰਧਾਵਾ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਪੋਸਟਮਾਰਟਮ ਇੱਕ ਵਿਸ਼ੇਸ਼ ਮੈਡੀਕਲ ਬੋਰਡ ਅਤੇ ਐਗਜ਼ੀਕਿਊਟਿਵ ਮੈਜਿਸਟ੍ਰੇਟ ਦੀ ਨਿਗਰਾਨੀ ਹੇਠ ਹੋ ਰਿਹਾ ਹੈ। ਪਰਿਵਾਰ ਦੀ ਤਸੱਲੀ ਲਈ ਇਸ ਟੀਮ




ਵਿੱਚ ਉਹਨਾਂ ਦੇ ਭਰੋਸੇਯੋਗ ਡਾਕਟਰ ਵੀ ਸ਼ਾਮਲ ਕੀਤੇ ਗਏ ਹਨ। ਪੂਰੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਕਰਵਾਈ ਜਾ ਰਹੀ ਹੈ, ਜਿਸ ਵਿੱਚ ਇੱਕ ਫੋਟੋਗ੍ਰਾਫਰ ਪਰਿਵਾਰ ਵੱਲੋਂ ਨਿਯੁਕਤ ਕੀਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਦੁਪਹਿਰ ਵੇਲੇ ਦੁਰਗਿਆਨਾ ਮੰਦਰ ਸ਼ਮਸ਼ਾਨ ਘਾਟ ਵਿਖੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਜਾਵੇਗਾ। ਪਰਿਵਾਰ ਅਤੇ ਵਿਰੋਧੀ ਧਿਰਾਂ ਲਗਾਤਾਰ ਇਸ ਮਾਮਲੇ ਦੀ CBI ਜਾਂਚ ਦੀ ਮੰਗ ਕਰ ਰਹੀਆਂ ਹਨ। ਜਾਣਕਾਰੀ ਅਨੁਸਾਰ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਕੱਲ੍ਹ ਇਸ ਮਾਮਲੇ ਵਿੱਚ ਛਭੀ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਹੈ। ਕਾਂਗਰਸ ਅਤੇ ਹੋਰ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਵੀ ਇਸ ਸਬੰਧੀ ਕੇਂਦਰ ਨੂੰ ਪੱਤਰ ਸੌਂਪੇ ਹਨ। ਪਰਿਵਾਰ ਦਾ ਕਹਿਣਾ ਹੈ ਕਿ ਸਿਰਫ਼ ਨਿਰਪੱਖ ਜਾਂਚ ਹੀ ਗਗਨਦੀਪ ਰੰਧਾਵਾ ਨੂੰ ਇਨਸਾਫ਼ ਦਿਵਾ ਸਕਦੀ ਹੈ।

## ਪਾਕਿਸਤਾਨ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼, ਭਾਰਤ ਛੇਵੇਂ ਨੰਬਰ 'ਤੇ

**ਨਵੀਂ ਦਿੱਲੀ:** ਦੁਨੀਆ ਭਰ ਵਿੱਚ ਹਵਾ ਦੀ ਗੁਣਵੱਤਾ 'ਤੇ ਜਾਰੀ ਕੀਤੀ ਗਈ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2025 ਨੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਰੱਖੇ ਹਨ। ਰਿਪੋਰਟ ਮੁਤਾ-ਬਕ, ਭਾਰਤ ਦੁਨੀਆ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਉੱਤਰ ਪ੍ਰਦੇਸ਼ ਦਾ ਲੋਨੀ ਸ਼ਹਿਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨ ਕੀਤਾ ਗਿਆ ਹੈ, ਜਦਕਿ ਦਿੱਲੀ ਚੌਥੇ ਸਥਾਨ 'ਤੇ ਹੈ। ਸਵਿਟਜ਼ਰਲੈਂਡ ਦੀ ਕੰਪਨੀ ਆਈ.ਕਿਊ.ਏਅਰ ਵੱਲੋਂ ਤਿਆਰ ਕੀਤੀ ਇਸ ਰਿਪੋਰਟ ਨੇ 143 ਦੇਸ਼ਾਂ ਦੇ 9,446 ਸ਼ਹਿਰਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਰਿਪੋਰਟ ਵਿੱਚ ਦਰਸਾਇਆ ਗਿਆ ਕਿ ਲੋਨੀ ਵਿੱਚ ਫੰ2.5 ਦੀ ਸਾਲਾਨਾ ਔਸਤ ਸੰਘਣਤਾ 112.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ,



ਜੋ ਕਿ ਵਿਸ਼ਵ ਸਿਹਤ ਸੰਸਥਾ (WHO) ਦੇ ਮਾਪਦੰਡ ਤੋਂ 22 ਗੁਣਾ ਵੱਧ ਹੈ। ਰੀਪੋਰਟ ਅਨੁਸਾਰ ਪਾਕਿ-ਸਤਾਨ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਤੋਂ ਬਾਅਦ ਬੰਗਲਾਦੇਸ਼ੀ, ਤਜ਼ਾਕਿਸਤਾਨ, ਚਾਡ ਅਤੇ ਕਾਂਗੋ ਦਾ ਨੰਬਰ ਹੈ। ਆਈ.ਕਿਊ.ਏਅਰ ਦੇ ਆਲਮੀ ਸੀ.ਈ.ਓ. ਫਰੈਂਕ ਹੈਮਸ ਨੇ ਕਿਹਾ, ''ਹਵਾ ਦੀ ਗੁਣਵੱਤਾ ਇਕ ਨਾਜ਼ੁਕ ਸੰਪਤੀ ਹੈ ਜਿਸਦੀ ਰੱਖਿਆ ਲਈ ਸਰਗਰਮ ਯਤਨ ਲਾਜ਼ਮੀ ਹਨ। ਬਿਨਾਂ ਨਿਗਰਾਨੀ ਦੇ ਅਸੀਂ ਨਹੀਂ ਜਾਣ ਸਕਦੇ ਕਿ ਅਸੀਂ ਕੀ ਸਾਹ ਲੈ ਰਹੇ ਹਾਂ।'' ਜਦਕਿ ਗ੍ਰੀਨਪੀਸ ਇੰਟਰਨੈਸ਼ਨਲ ਦੇ ਸੀਨੀਅਰ ਵਿਗਿਆਨੀ ਐਡਨ ਫੈਰੋ ਨੇ ਕਿਹਾ, ''ਇਹ ਖੁੱਲ੍ਹੇ ਤੇ ਪਾਰਦਰਸ਼ੀ ਡਾਟਾ ਪ੍ਰਦੂਸ਼ਣ ਕਰਨ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬਹੁਤ ਜ਼ਰੂਰੀ ਹੈ।'' ਰਿਪੋਰਟ ਨੇ ਇਹ ਵੀ ਦਰਸਾਇਆ ਕਿ 2025 ਵਿੱਚ ਜੰਗਲਾਂ ਦੀਆਂ ਅੱਗਾਂ ਅਤੇ ਉਦਯੋਗਿਕ ਖੇਤੀਬਾੜੀ ਨੇ ਹਵਾ ਦੀ ਗੁਣਵੱਤਾ ਨੂੰ ਹੋਰ ਖਰਾਬ ਕੀਤਾ। ਭਾਰਤ ਦੇ ਪੰਜ ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦਸ ਸ਼ਹਿਰਾਂ ਵਿੱਚ ਸ਼ਾਮਲ ਹਨ, ਜਿਨ੍ਹਾਂ 'ਚ ਲੋਨੀ, ਬਿਰਨਿਹਾਟ, ਦਿੱਲੀ, ਗਾਜ਼ੀਆਬਾਦ ਅਤੇ ਉਲਾ ਸ਼ਾਮਲ ਹਨ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਹਵਾ ਪ੍ਰਦੂਸ਼ਣ ਸਿਰਫ਼ ਵਾਤਾਵਰਣੀ ਨਹੀਂ, ਸਿਹਤ ਸੰਕਟ ਵੀ ਹੈ, ਜਿਸ 'ਤੇ ਤੁਰੰਤ ਕਾਰਵਾਈ ਦੀ ਲੋੜ ਹੈ।

## ਰੈਪਰ ਬਾਦਸ਼ਾਹ ਆਪਣੀ ਪ੍ਰੇਮਿਕਾ ਨਾਲ ਵਿਆਹ ਦੇ ਬੰਧਨ 'ਚ ਬੱਝੇ

**ਚੰਡੀਗੜ੍ਹ :** ਰੈਪਰ ਬਾਦਸ਼ਾਹ ਅਤੇ ਈਸ਼ਾ ਰਿਖੀ ਦੀਆਂ ਵਾਇਰਲ ਤਸਵੀਰਾਂ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ। ਬਾਲੀਵੁੱਡ ਰੈਪਰ ਅਤੇ ਗਾਇਕ ਬਾਦਸ਼ਾਹ ਵਿਆਹ ਦੇ ਬੰਧਨ 'ਚ ਬੱਝ ਗਏ ਹਨ । ਵਿਸ਼ਵਾਸ ਕਰਨਾ ਔਖਾ ਹੈ, ਪਰ ਵਾਇਰਲ ਫੋਟੋਆਂ ਕੁਝ ਹੋਰ ਹੀ ਦੱਸਦੀਆਂ ਹਨ। ਰੈਪਰ ਨੇ ਇੱਕ ਵਾਰ ਫਿਰ ਆਪਣੀ ਨਿੱਜੀ ਜ਼ਿੰਦਗੀ ਲਈ ਸੁਰਖੀਆਂ ਬਟੋਰੀਆਂ ਹਨ। ਸੋਸ਼ਲ ਮੀਡੀਆ 'ਤੇ ਤਸਵੀਰਾਂ ਜੰਗਲ ਦੀ ਅੱਗ ਵਾਂਗ ਫੈਲ ਰਹੀਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਬਾਦਸ਼ਾਹ ਨੇ ਆਪਣੀ ਪ੍ਰੇਮਿਕਾ, ਈਸ਼ਾ ਰਿਖੀ ਨਾਲ ਗੁਪਤ ਰੂਪ ਵਿੱਚ ਵਿਆਹ ਕਰਵਾ ਲਿਆ ਹੈ। ਇਹ ਉਸਦਾ ਦੂਜਾ ਵਿਆਹ ਹੈ।



ਫੋਟੋਆਂ ਵਿੱਚ, ਬਾਦਸ਼ਾਹ ਅਤੇ ਈਸ਼ਾ ਰਵਾਇਤੀ ਵਿਆਹ ਦੇ ਪਹਿਰਾਵੇ ਵਿੱਚ ਦਿਖਾਈ ਦੇ ਰਹੇ ਹਨ। ਹੋਣ ਵਾਲੀ ਈਸ਼ਾ ਨੇ ਇੱਕ ਸੁੰਦਰ ਲਾਲ ਵਿਆਹ ਦਾ ਪਹਿਰਾਵਾ ਪਾਇਆ ਹੋਇਆ ਹੈ, ਜਦੋਂ ਕਿ ਲਾੜਾ ਬਣਨ ਵਾਲਾ ਬਾਦਸ਼ਾਹ ਵੀ ਰਵਾਇਤੀ ਪਹਿਰਾਵੇ ਵਿੱਚ ਦਿਖਾਈ ਦੇ ਰਿਹਾ ਹੈ। ਦੋਵਾਂ ਨੇ ਆਪਣੇ ਗਲੇ ਵਿੱਚ ਹਾਰ ਪਾਏ ਹੋਏ ਹਨ, ਅਤੇ ਵਿਆਹ ਦਾ ਮਾਹੌਲ ਸਾਫ਼ ਦਿਖਾਈ ਦੇ ਰਿਹਾ ਹੈ।

## ਕੋਲੰਬੀਆ 'ਚ ਹਵਾਈ ਫ਼ੌਜ ਦਾ ਜਹਾਜ਼ ਹਾਦਸਾਗ੍ਰਸਤ, 66 ਦੀ ਮੌਤ, 125 ਫ਼ੌਜੀ ਸਨ ਸਵਾਰ



**ਕੋਲੰਬੀਆ :** ਸੋਮਵਾਰ ਨੂੰ ਕੋਲੰਬੀਆ ਵਿੱਚ ਹਵਾਈ ਸੈਨਾ ਦਾ ਇੱਕ ਫੌਜੀ ਜਹਾਜ਼ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ 30 ਤੋਂ ਵੱਧ ਲੋਕ ਮਾਰੇ ਗਏ। ਜਹਾਜ਼ ਵਿੱਚ 125 ਕੋਲੰਬੀਆਈ ਸੈਨਿਕ ਸਵਾਰ ਸਨ। ਇਹ ਹਾਦਸਾ ਪੇਰੂ ਦੀ ਸਰਹੱਦ ਦੇ ਨੇੜੇ ਦੱਖਣੀ ਐਮਾਜ਼ਾਨ ਖੇਤਰ ਦੇ ਪਿਊਰਟੋ ਲੇਗੁਇਜ਼ਾਮੋ ਵਿੱਚ ਵਾਪਰਿਆ। ਰਾਇਟਰਜ਼ ਦੀ ਰਿਪੋਰਟ ਹੈ ਕਿ ਹੁਣ ਤੱਕ 66 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਪੁਤੁਮਾਯੋ ਰਾਜ ਦੇ ਗਵਰਨਰ ਜੌਨ ਗੈਬਰੀਅਲ ਮੋਲੀਨਾ ਨੇ ਸਥਾਨਕ ਨਿਊਜ਼ ਆਊਟਲੈਟ ਕਾਰਾਕੋਲ ਨੋਟੀਸੀਅਸ ਨੂੰ ਦੱਸਿਆ ਕਿ 34 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚੋਂ 21 ਦੀ ਅਜੇ ਪਛਾਣ ਨਹੀਂ ਹੋ ਸਕੀ ਹੈ। ਰੱਖਿਆ ਮੰਤਰੀ ਪੇਡਰੋ ਸਾਂਚੇਜ਼ ਨੇ ਕਿਹਾ ਕਿ ਹਵਾਈ ਸੈਨਾ ਹਰਕੂਲੀਸ ਸੀ-130 ਜਹਾਜ਼ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਰਨਵੇਅ ਤੋਂ ਲਗਭਗ 1.5 ਕਿਲੋਮੀਟਰ ਦੂਰ ਲੈਂਡ ਕੀਤਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਟਰੇਨ ਚੱਲਣ ਦੇ 8 ਘੰਟੇ ਪਹਿਲਾਂ ਟਿਕਟ ਕੈਂਸਲ ਕਰਨ 'ਤੇ ਹੀ ਮਿਲੇਗਾ ਰਿਫੰਡ



**ਨਵੀਂ ਦਿੱਲੀ।** ਰੇਲਵੇ ਨੇ ਟਿਕਟ ਕੈਂਸਲ ਕਰਨ ਦੇ ਸਮੇਂ ਵਿੱਚ ਵੱਡਾ ਬਦਲਾਅ ਕੀਤਾ ਹੈ। ਹੁਣ ਜੇਕਰ ਕੋਈ ਯਾਤਰੀ ਟਰੇਨ ਚੱਲਣ ਦੇ ਸਮੇਂ ਤੋਂ 8 ਘੰਟੇ ਪਹਿਲਾਂ ਆਪਣੀ ਟਿਕਟ ਕੈਂਸਲ ਕਰਦਾ ਹੈ ਤਾਂ ਹੀ ਉਸ ਨੂੰ ਪੈਸੇ ਵਾਪਸ ਮਿਲਣਗੇ। ਜੇਕਰ ਟਿਕਟ 8 ਘੰਟੇ ਤੋਂ ਘੱਟ ਸਮੇਂ ਵਿੱਚ ਕੈਂਸਲ ਕੀਤੀ ਜਾਂਦੀ ਹੈ ਤਾਂ ਕੋਈ ਰਿਫੰਡ ਨਹੀਂ ਮਿਲੇਗਾ। ਮਾਹਿਰਾਂ ਨੇ ਦੱਸਿਆ ਕਿ ਜੇਕਰ ਤੁਹਾਡੀ ਟਰੇਨ ਸ਼ਾਮ 6 ਵਜੇ ਹੈ ਤਾਂ ਤੁਹਾਨੂੰ ਸਵੇਰੇ 10 ਵਜੇ ਤੋਂ ਪਹਿਲਾਂ ਟਿਕਟ ਕੈਂਸਲ ਕਰਨੀ ਪਵੇਗੀ। ਪਹਿਲਾਂ ਇਹ ਸਮਾਂ 4 ਘੰਟੇ ਸੀ ਅਤੇ 50 ਫੀਸਦੀ ਰਿਫੰਡ ਮਿਲਦਾ ਸੀ ਪਰ ਹੁਣ 4 ਘੰਟੇ ਵਾਲਾ ਨਿਯਮ ਖਤਮ ਕਰ ਦਿੱਤਾ ਗਿਆ ਹੈ ਅਤੇ 24 ਤੋਂ 8 ਘੰਟੇ ਦੇ ਵਿਚਕਾਰ ਕੈਂਸਲ ਕਰਨ 'ਤੇ ਵੀ ਸਿਰਫ 50 ਫੀਸਦੀ ਪੈਸੇ ਹੀ ਵਾਪਸ ਮਿਲਣ-ਗੇ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਅੱਜ ਦੱਸਿਆ ਕਿ ਇਹ ਬਦਲਾਅ ਏਜੰਟਾਂ ਅਤੇ ਦਲਾਲਾਂ ਵੱਲੋਂ ਟਿਕਟਾਂ ਦੀ ਜਮ੍ਹਾਂਖੋਰੀ ਨੂੰ ਰੋਕਣ ਲਈ ਕੀਤੇ ਗਏ ਹਨ। ਇੱਕ ਚੰਗੀ ਖ਼ਬਰ ਇਹ ਵੀ ਹੈ ਕਿ ਹੁਣ ਯਾਤਰੀ ਟਰੇਨ ਚੱਲਣ ਤੋਂ 30 ਮਿੰਟ ਪਹਿਲਾਂ ਤੱਕ ਆਪਣਾ ਬੋਰਡਿੰਗ ਸਟੇਸ਼ਨ (ਜਿੱਥੋਂ ਟਰੇਨ ਫੜਨੀ ਹੈ) ਬਦਲ ਸਕਦੇ ਹਨ। ਇਹ ਨਵੇਂ ਨਿਯਮ 1 ਅਪਰੈਲ ਤੋਂ 15 ਅਪਰੈਲ 2026 ਦੇ ਵਿਚਕਾਰ ਵੱਖ-ਵੱਖ ਪੜਾਵਾਂ ਵਿੱਚ ਲਾਗੂ ਕੀਤੇ ਜਾਣਗੇ। ਇਸ ਫੈਸਲੇ ਨਾਲ ਜਿੱਥੇ ਯਾਤਰੀਆਂ ਨੂੰ ਬੋਰਡਿੰਗ ਸਟੇਸ਼ਨ ਬਦਲਣ ਵਿੱਚ ਸਹੂਲਤ ਮਿਲੇਗੀ, ਉੱਥੇ ਹੀ ਟਿਕਟ ਕੈਂਸਲ ਕਰਨ ਵੇਲੇ ਵਧੇਰੇ ਸਾਵਧਾਨ ਰਹਿਣਾ ਪਵੇਗਾ।

# ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਮਗਰੋਂ ਹਰਪਾਲ ਚੀਮਾ ਨੂੰ ਮਿਲਿਆ ਟਰਾਂਸਪੋਰਟ ਵਿਭਾਗ, ਡਾ. ਰਵਜੋਤ ਸੰਭਾਲਣਗੇ ਜੇਲ੍ਹਾਂ





**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਵਿਭਾਗਾਂ ਨੂੰ ਹੋਰਨਾਂ ਮੰਤਰੀਆਂ ਵਿੱਚ ਵੰਡ ਦਿੱਤਾ ਹੈ। ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਉਨ੍ਹਾਂ ਦੇ ਵਿਭਾਗਾਂ ਦੀ ਜ਼ਿੰਮੇਵਾਰੀ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੂੰ ਸੌਂਪ ਦਿੱਤੀ ਹੈ। ਸਾਬਕਾ ਟਰਾਂਸਪੋਰਟ ਅਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਅਸਤੀਫ਼ਾ ਬੀਤੀ ਸ਼ਾਮ ਪੰਜਾਬ ਦੇ ਰਾਜਪਾਲ ਵੱਲੋਂ ਮਨਜ਼ੂਰ ਕਰ ਲਿਆ ਗਿਆ ਸੀ। ਮੁੱਖ ਮੰਤਰੀ ਦੇ ਗੁਜਰਾਤ ਦੇ ਚਾਰ ਦਿਨਾਂ ਦੌਰੇ 'ਤੇ ਜਾਣ ਤੋਂ ਠੀਕ ਪਹਿਲਾਂ ਇਹ ਨਵੀਂ ਵੰਡ ਕੀਤੀ ਗਈ ਹੈ। ਪਾਰਟੀ ਨੇ ਆਪਣੇ ਪੁਰਾਣੇ ਵਫ਼ਾਦਾਰ ਹਰਪਾਲ ਚੀਮਾ 'ਤੇ ਭਰੋਸਾ ਜਤਾਉਂਦੇ ਹੋਏ ਉਨ੍ਹਾਂ ਨੂੰ ਵਿੱਤ ਅਤੇ ਆਬਕਾਰੀ ਵਿਭਾਗਾਂ ਦੇ ਨਾਲ-ਨਾਲ ਹੁਣ ਟਰਾਂਸਪੋਰਟ ਵਿਭਾਗਵਭ ਦੀ ਵੀ ਜ਼ਿੰਮੇਵਾਰੀ ਦਿੱਤੀ ਹੈ। ਦੂਜੇ ਪਾਸੇ, ਡਾ. ਰਵਜੋਤ ਸਿੰਘ ਨੂੰ ਐੱਨ.ਆਰ.ਆਈ. ਮਾਮਲਿਆਂ ਦੇ ਨਾਲ ਜੇਲ੍ਹ ਵਿਭਾਗਵਭ ਸੌਂਪਿਆ ਗਿਆ ਹੈ।ਇਸ ਫੈਸਲੇ ਨੇ ਤੁਰੰਤ ਕੈਬਨਿਟ ਵਿੱਚ ਕਿਸੇ ਵੱਡੇ ਫੇਰਬਦਲ ਦੀਆਂ ਅਟਕਲਾਂ 'ਤੇ ਵਿਰਾਮ ਲਗਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਲਾਲਜੀਤ ਭੁੱਲਰ 'ਤੇ ਇੱਕ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਲੱਗਣ ਤੋਂ ਬਾਅਦ ਸ਼ਨਿੱਚਰਵਾਰ ਨੂੰ ਉਨ੍ਹਾਂ ਦਾ ਅਸਤੀਫ਼ਾ ਮੰਗਿਆ ਗਿਆ ਸੀ। ਇਸੇ ਕਰਕੇ ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਵਿਭਾਗਾਂ ਨੂੰ ਹੋਰਨਾਂ ਮੰਤਰੀਆਂ ਨੂੰ ਸੌਂਪ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਨੇ ਲੰਘੇ ਦਿਨ ਲਾਲਜੀਤ ਸਿੰਘ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕਰ ਲਿਆ ਸੀ।

# ਲਾਲਜੀਤ ਸਿੰਘ ਭੁੱਲਰ ਨੂੰ ਪੰਜ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜਿਆ



**ਅੰਮ੍ਰਿਤਸਰ।** ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੱਜ ਇੱਥੇ ਪੁਲੀਸ ਵੱਲੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਵੱਲੋਂ ਉਸ ਨੂੰ ਪੰਜ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।ਉਸ ਨੂੰ ਪੁਲੀਸ ਵਲੋਂ ਬੀਤੇ ਕੱਲ੍ਹ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੌਰਾਨ ਪੰਜਾਬ ਗੁਦਾਮ ਨਿਗਮ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਜਿਨ੍ਹਾਂ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ ਸੀ, ਦੀ ਮ੍ਰਿਤਕ ਦੇਹ ਦਾ ਸ਼ਾਮ ਨੂੰ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਐਗਜ਼ੈਕਟਿਵ ਮੈਜਿਸਟਰੇਟ ਦੀ ਨਿਗਰਾਨੀ ਹੇਠ ਪੋਸਟਮਾਰਟਮ ਕੀਤਾ ਗਿਆ ਸੀ। ਪੁਲੀਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੁਲੀਸ ਵੱਲੋਂ ਬਾਅਦ ਦੁਪਹਿਰ ਲਾਲਜੀਤ ਸਿੰਘ ਭੁੱਲਰ ਨੂੰ ਇੱਥੇ ਅਦਾਲਤ ਵਿੱਚ ਪੇਸ਼ ਕਰਨ ਲਈ ਲਿਆਂਦਾ ਗਿਆ ਜਿੱਥੇ ਅਦਾਲਤ ਵਿੱਚ ਪੁਲੀਸ ਵੱਲੋਂ ਇਸ ਮਾਮਲੇ ਸਬੰਧੀ ਪੁੱਛਗਿੱਛ ਲਈ ਸੱਤ ਦਿਨ ਦਾ ਪੁਲੀਸ ਰਿਮਾਂਡ ਦੇਣ ਦੀ ਮੰਗ ਕੀਤੀ ਗਈ। ਅਦਾਲਤ ਵੱਲੋਂ ਦੋਵਾਂ ਧਿਰਾਂ ਦੇ ਵਕੀਲਾਂ ਦਾ ਪੱਖ ਸੁਣਨ ਤੋਂ ਬਾਅਦ ਪੁੱਛਗਿੱਛ ਵਾਸਤੇ ਪੰਜ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਗਿਆ।

ਦੂਜੇ ਪਾਸੇ ਗਗਨਦੀਪ ਸਿੰਘ ਰੰਧਾਵਾ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਬਾਅਦ ਦੁਪਹਿਰ ਉਸ ਦੀ ਮ੍ਰਿਤਕ ਦੇਹ ਨੂੰ ਘਰ ਲਿਆਂਦਾ ਗਿਆ ਤੇ ਸ਼ਾਮ ਵੇਲੇ ਮ੍ਰਿਤਕ ਦੇਹ ਦਾ ਦੁਰਗਿਆਣਾ ਮੰਦਰ ਨੇੜੇ ਸ਼ਮਸ਼ਾਨ ਘਾਟ ਵਿੱਚ ਸਸਕਾਰ ਕੀਤਾ ਗਿਆ ਹੈ। ਉਸ ਦੇ ਬੇਟੇ ਨੇ ਮ੍ਰਿਤਕ ਦੇਹ ਨੂੰ ਅਗਨੀ ਦਿਖਾਈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਹਲਕਾ ਇੰਚਾਰਜ ਸੰਜੀਵ ਤਲਵਾੜ ਸਾਥੀਆਂ ਸਮੇਤ ਪ੍ਰਾਚੀਨ ਭੂਤਗਿਰੀ ਮੰਦਰ ਵਿਖੇ ਹੋਏ ਨਤਮਸਤਕ

## ਹੁਸ਼ਿਆਰਪੁਰ ਨੂੰ ਧਾਰਮਿਕ ਟੂਰਿਜ਼ਮ ਵਜੋਂ ਵਿਕਸਤ ਕਰਨਾ ਮੇਰੀ ਮੁੱਖ ਤਰਜੀਹ: ਤਲਵਾੜ

**ਹੁਸ਼ਿਆਰਪੁਰ 24 ਮਾਰਚ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਅੱਜ ਆਪਣੇ ਸਾਥੀਆਂ ਸਮੇਤ ਸਥਾਨਕ ਪ੍ਰਾਚੀਨ ਭੂਤਗਿਰੀ ਮੰਦਿਰ ਵਿਖੇ ਨਤਮਸਤਕ ਹੋਏ ਅਤੇ ਪਰਮਾਤਮਾ ਦਾ ਅਸ਼ੀਰਵਾਦ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ, ਨਰਿੰਦਰ ਸਿੰਘ ਅਤੇ ਨੀਤੀ ਤਲਵਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੰਦਿਰ ਵਿੱਚ ਮੱਥਾ ਟੇਕਣ ਉਪਰੰਤ ਗੱਲਬਾਤ ਕਰਦਿਆਂ ਸੰਜੀਵ ਤਲਵਾੜ ਨੇ ਕਿਹਾ ਕਿ ਉਹ ਪੰਜਾਬ ਵਿੱਚ ਅਮਨ-ਸ਼ਾਂਤੀ, ਆਪਸੀ ਭਾਈਚਾਰਾ ਬਣਿਆ ਰਹਿਣ ਅਤੇ ਸਮੂਹ ਪੰਜਾਬੀਆਂ ਦੀ ਤੰਦਰੁਸਤੀ ਦੀ ਅਰਦਾਸ ਕਰਨ ਲਈ ਮੰਦਿਰ ਪਹੁੰਚੇ ਹਨ। ਉਨ੍ਹਾਂ ਨੇ ਹੁਸ਼ਿਆਰਪੁਰ ਦੇ ਵਿਕਾਸ ਦਾ ਰੋਡਮੈਪ ਸਾਂਝਾ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ 'ਛੋਟੀ ਕਾਸ਼ੀ' ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਧਾਰਮਿਕ ਟੂਰਿਜ਼ਮ ਦੇ ਤੌਰ 'ਤੇ ਵਿਕਸਤ ਕਰਨਾ ਮੇਰੀ ਪਹਿਲੀ



ਪ੍ਰਾਥਮਿਕਤਾ ਰਹੇਗੀ।ਇਸ ਦੌਰਾਨ ਮੰਦਿਰ ਦੇ ਪੁਜਾਰੀ ਸ਼ਾਮ ਪੰਡਿਤ ਨੇ ਸੰਜੀਵ ਤਲਵਾੜ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਮਾਜ ਭਲਾਈ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਉਨ੍ਹਾਂ ਦੇ ਨੇਕ ਕੰਮਾਂ ਨੂੰ ਹਮੇਸ਼ਾ ਯਾਦ ਰੱਖਦੇ ਹਨ।ਸਮਾਗਮ ਦੇ ਅਖੀਰ ਵਿੱਚ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਸੰਜੀਵ ਤਲਵਾੜ ਅਤੇ ਉਨ੍ਹਾਂ ਦੇ ਨਾਲ ਆਏ ਸਮੂਹ ਪਤਵੰਤੇ ਸੱਜਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵਿਕਾਸ ਸ਼ਰਮਾ, ਪਰਵੀਨ ਗੁਪਤਾ ਕ੍ਰਿਸ਼ਨਾ ਚੋਬੇ, ਪ੍ਰਦੀਪ ਡੋਗਰਾ, ਰਜੀਵ ਕੁਮਾਰ ਤੇ ਬਾਕੀ ਸਾਥੀ ਵੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਕੌਮ ਦੇ ਰਹਿਬਰਾਂ ਦੀ ਵਿਚਾਰਧਾਰਾ ਨੂੰ ਘਰ ਘਰ ਪਹੁੰਚਾਉਣ ਲਈ ਪੂਰੇ ਭਾਰਤ ਵਿੱਚ ਮਿਸ਼ਨ ਦੀਆਂ ਇਕਾਈਆਂ ਸਥਾਪਿਤ ਕੀਤੀਆਂ ਜਾਣਗੀਆਂ : ਸੰਤ ਸਤਵਿੰਦਰ ਹੀਰਾ

## ਮਾਸਟਰ ਸੁਖਵੀਰ ਦੁਗਾਲ ਪ੍ਰਧਾਨ, ਜੱਗੀ ਪਾਤੜਾਂ ਅਤੇ ਮਾਸਟਰ ਗੁਰਮੁੱਖ ਸਿੰਘ ਸ਼ੋਸ਼ਲ ਮੀਡੀਆ ਇੰਚਾਰਜ ਨਿਯੁਕਤ

**ਹੁਸ਼ਿਆਰਪੁਰ 24 ਮਾਰਚ ( ਤਰਸੇਮ ਦੀਵਾਨਾ )** - ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵਲੋਂ ਮਿਸ਼ਨ ਦੀਆ ਗਤੀਵਿਧੀਆਂ ਨੂੰ ਤੇਜ਼ ਕਰਨਅਤੇ ਸਮਾਜ ਨੂੰ ਜਾਗਰੂਕ ਕਰਨ ਲਈ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਵਿੱਚ ਵੱਡੇ ਪੱਧਰ ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਤਹਿਤ ਜਿਲ੍ਹਾ ਪਟਿਆਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਜੱਗੀ ਪਾਤੜਾਂ ਦੀ ਪ੍ਰਧਾਨਗੀ ਹੇਠ ਰੱਖੀ ਗਈ ਮੀਟਿੰਗ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ! ਮੀਟਿੰਗ ਵਿੱਚ ਆਗੂਆਂ ਵੱਲੋਂ ਆਲ ਇੰਡੀਆ ਆਦ ਧਰਮ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਘਰ ਘਰ ਪਹੁੰਚਾਉਣ ਦੇ ਲਈ ਸਰਬਸੰਮਤੀ ਨਾਲ ਫੈਂਸਲਾ ਕਰਕੇ ਮਾਸਟਰ ਸੁਖਵੀਰ ਦੁਗਾਲ ਨੂੰ ਆਲ ਇੰਡੀਆ ਆਦਿ ਧਰਮ ਮਿਸ਼ਨ ਜ਼ਿਲਾ ਪਟਿਆਲਾ ਅਤੇ ਜੱਗੀ ਪਾਤੜਾਂ ਨੂੰ ਤਹਿਸੀਲ ਪਾਤੜਾਂ, ਮਾਸਟਰ ਗੁਰਮੁੱਖ ਸਿੰਘ ਨੂੰ ਸ਼ੋਸ਼ਲ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ ਜਿਸਦਾ



ਸਮੂਹ ਆਗੂਆਂ ਵਲੋਂ ਨਿੱਘਾ ਸਵਾਗਤ ! ਚੁਣੇ ਗਏ ਨਵ ਨਿਯੁਕਤ ਆਗੂਆਂ ਨੇ ਪ੍ਰਣ ਕੀਤਾ ਕਿ ਮਿਸ਼ਨ ਵੱਲੋਂ ਸੌਂਪੀ ਗਈ ਜਿੰਮੇਵਾਰੀ ਨੂੰ ਅਸੀਂ ਪੂਰੀ ਤਨਦੇਹੀ ਨਾਲ ਨਿਭਾਵਾਂਗੇ ਅਤੇ ਮਿਸ਼ਨ ਜੋ ਵੀ ਸਾਡੀ ਡਿਊਟੀ ਲਗਾਵੇਗਾ ਅਸੀਂ ਉਸ ਡਿਊਟੀ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗੇ ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਕੌਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਅੰਬੇਡਕਰ, ਬਾਬੂ ਕਾਂਸ਼ੀ ਰਾਮ, ਬਾਬਾ ਬੰਤਾ ਰਾਮ ਘੇੜਾ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਪੰਜਾਬ ਦੇ ਹਰ ਜ਼ਿਲੇ, ਤਹਿਸੀਲਾਂ ਅਤੇ ਬਲਾਕ ਪੱਧਰ ਤੇ ਆਦਿ ਧਰਮ ਮਿਸ਼ਨ ਦੀਆਂ ਇਕਾਈਆਂ ਸਥਾਪਿਤ ਕੀਤੀਆਂ ਜਾਣਗੀਆਂ। ਉਨਾਂ ਕਿਹਾ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ 11 ਅਪ੍ਰੈਲ 2026 ਅਮ੍ਰਿੰਤ ਧਾਰਾ ਪ੍ਰਗਟ ਦਿਵਸ ਅਤੇ 14 ਅਪ੍ਰੈਲ ਨੂੰ ਡਾ. ਅੰਬੇਡਕਰ ਜਯੰਤੀ ਅਤੇ ਨਵੇ ਵਰ੍ਹੇ 2027 ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸ਼ਤਾਬਦੀ ਮਨਾਉਣ ਲਈ ਤਿਆਰੀਆਂ ਹੁਣ ਟੋਂ ਹੀ ਪੂਰੇ ਜੋਰਾਂ ਸ਼ੋਰਾ ਨਾਲ ਚੱਲ ਰਹੀਆਂ ਹਨ ਜਿਸ ਲਈ ਸੰਗਤਾਂ ਅੰਦਰ ਭਾਰੀ ਉਤਸ਼ਾਹ ਹੈ। ਇਸ ਮੌਕੇ ਪ੍ਰਿੰਸ ਪਾਤੜਾਂ, ਬਲਕਾਰ ਪੇਂਟਰ ਹਮਝਿੜੀ ਵੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਕਿਰਪਾਲ ਸਾਗਰ ਅਕੈਡਮੀ ਸਾਡੇ ਸੁਪਨਿਆਂ ਦਾ ਸਕੂਲ ਬਰਜਿੰਦਰ ਸਿੰਘ ਗੁਜਰਾਲ: ਯੂ.ਕੇ

**ਨਵਾਸ਼ਹਿਰ /ਰਾਹੋਂ 24 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਇੰਗਲੈਂਡ ਤੋਂ ਪੰਜਾਬ ਆਏ ਬਰਜਿੰਦਰ ਸਿੰਘ ਗੁਜਰਾਲ ਨੇ ਆਪਣੀ ਕਿਰਪਾਲ ਸਾਗਰ ਅਕੈਡਮੀ ਦੀ ਫੇਰੀ ਦੌਰਾਨ ਕਿਹਾ, ਕਿਰਪਾਲ ਸਾਗਰ ਇੱਕ ਖ਼ੂਬਸੂਰਤ ਅੰਦਾਜ਼ ਨਾਲ ਬਣਾਇਆ ਗਿਆ ਅਸਥਾਨ ਹੈ, ਜਿਸ ਨੂੰ ਡਾਕਟਰ ਹਰਭਜਨ ਸਿੰਘ ਜੀ ਤੇ ਬੀਜੀ ਸੁਰਿੰਦਰ ਕੌਰ ਜੀ ਨੇ ਬੜੀ ਮਿਹਨਤ ਨਾਲ ਬਣਾਇਆ ਹੈ। ਇਸ ਅਸਥਾਨ ਤੇ ਯਾਤਰਾ ਕਰਕੇ ਬਹੁਤ ਵਧੀਆ ਲੱਗਿਆ ਹੈ। ਅੱਜ ਕੱਲ੍ਹ ਇਸ ਦੇ ਚੇਅਰਮੈਨ ਡਾਕਟਰ ਕਰਮਜੀਤ ਸਿੰਘ ਤੇ ਭੈਣ ਜੀ ਪਰਮਿੰਦਰ ਕੌਰ ਜੀ ਹਨ। ਗੱਲ ਹੋਈ ਹੈ ਕਿਰਪਾਲ ਸਾਗਰ ਅਕੈਡਮੀ ਦੀ। ਇਸ ਦੇ ਪ੍ਰਿੰਸੀਪਲ ਗੁਰਜੀਤ ਸਿੰਘ ਹਨ ਜਿਹਨਾਂ ਨੂੰ ਮਿਲ ਕੇ ਤੇ ਸਕੂਲ ਵੇਖ ਕੇ ਆਨੰਦ ਆ ਗਿਆ।ਕਮਾਲ ਕਰਤੀ ਇਹਨਾਂ ਇਨਸਾਨਾਂ ਨੇ, ਹਰ ਚੀਜ਼ ਵਿੱਚ ਸਲੀਕਾ ਹੈ। ਸਕੂਲ ਬਾਹਰਵੀਂ ਜਮਾਤ ਤੱਕ ਹੈ। ਸੀਬੀਐਸਈ ਤੋਂ ਮਾਨਤਾ ਪ੍ਰਾਪਤ ਸਾਰੇ ਵਿਸ਼ਿਆਂ ਨੂੰ ਬੇਹਤਰੀਨ ਟੀਚਰ ਪੜਾ ਰਹੇ ਹਨ। ਬੋਰਡਿੰਗ ਸਕੂਲ ਕਿਰਪਾਲ ਸਾਗਰ ਅਕੈਡਮੀ ਅੰਦਰ ਸਾਰੀਆਂ ਸਹੂਲਤਾਂ ਮੌਜੂਦ ਹਨ। ਵਧੀਆ ਖੇਡ ਗਰਾਊਂਡ ਪੂਰਨ ਸ਼ਾਕਾਹਾਰੀ ਭੋਜਨ ਦੀ ਮੈਸ ਸਵਿਮਿੰਗ ਪੂਲ ਮਲਟੀ ਸਹੂਲਤਾਂ ਲੈਸ ਹਸਪਤਾਲ ਮਲਟੀ ਮੀਡੀਆ ਵਿਦਿਆਰਥੀਆਂ ਨੂੰ



ਕੁਦਰਤ ਦੀ ਗੋਦ ਵਿੱਚ ਬਿਠਾ ਕੇ ਸੁਹਜਮਈ ਸੰਦੇਸ਼ਾਤਮਕ ਸਿੱਖਿਆਂ ਦੇਣੀ, ਕਿਰਪਾਲ ਸਾਗਰ ਅਕੈਡਮੀ ਦਾ ਹੀ ਕਾਰਜ ਹੈ। ਦੁਆਬੇ ਦੀ ਧਰਤੀ ਤੇ ਸਤਲੁਜ ਦਰਿਆ ਦੇ ਕਿਨਾਰੇ ਉਸਰੀ ਇਹ ਰਮਣੀਕ ਵਾਦੀ ਏਕਤਾ ਤੇ ਭਾਈਚਾਰਕ ਸਾਂਝ ਦੀ ਬਾਤ ਪਾਉਂਦੀ ਹੈ। ਨਵਾਂ ਸ਼ਹਿਰ,ਬਾਈਟਸ ਚੈਨਲ ਵਲੋਂ ਇਸ ਦੀਆਂ ਵੀਡੀਓਜ਼ ਰੋਜ਼ਾਨਾ ਅੱਪਲੋਡ ਹੋ ਰਹੀਆਂ ਹਨ। ਵਿਦਿਆਰਥੀਆਂ ਵਿੱਚ ਸੈਲਫ ਟੇਲੈਂਟ ਹੈ। ਉਹਨਾਂ ਦੇ ਮਜ਼ਬੂਤ ਇਰਾਦੇ ਉਹਨਾਂ ਦੇ ਮਨਸੂਬੇ ਮੁਕੰਮਲ ਕਰਨਗੇ। ਇਥੋਂ ਪੜ ਕੇ ਡਾਕਟਰ, ਇੰਜੀਨੀਅਰ, ਸਾਇੰਸਦਾਨ, ਰਾਜਨੀਤੀ ਦੇ ਖੇਤਰ ਵਿੱਚ ਮਾਹਿਰ, ਸਮਾਜ ਸੇਵੀ, ਕਾਰੋਬਾਰੀ, ਪ੍ਰੋਫੈਸਰ, ਖੇਡਾਂ ਦੇ ਖੇਤਰ ਵਿੱਚ, ਧਾਰਮਿਕ ਸ਼ਖ਼ਸੀਅਤਾਂ, ਗੱਲ ਕੀ ਜਿਸ ਵੀ ਦੇਸ਼ ਵਿੱਚ ਜਾਓ ਕਿਰਪਾਲ ਸਾਗਰ ਅਕੈਡਮੀ ਦੇ ਸਾਬਕਾ ਵਿਦੀਆਰਥੀ ਮਿਲ ਹੀ ਜਾਵਣਗੇ। ਮੇਰੇ ਮਿੱਤਰ ਦੀ ਗ੍ਰੈਂਡ ਡਾਟਰ ਇਸ ਪਲ ਇਥੇ ਪੜ ਰਹੀ ਹੈ ਅੱਜ ਉਸ ਦਾ ਆਖਰੀ ਪੇਪਰ ਹੈ ਉਹ ਬਹੁਤ ਖੁਸ਼ ਹੈ ਇਹ ਤਸਵੀਰ ਉਸ ਦੀ ਅੱਜ ਦੀ ਹੈ ਅਜਿਹੇ ਸਕੂਲ ਕਿਸਮਤ ਵਾਲੇ ਬੱਚਿਆਂ ਨੂੰ ਮਿਲਦੇ ਹਨ ਜੇਕਰ ਤੁਸੀਂ ਵੀ ਆਪਣੇ ਬੱਚੇ ਨੂੰ ਅਜਿਹੇ ਗਿਆਨਵਾਨ ਇਨਸਾਨਾਂ ਦੇ ਸਪੁਰਦ ਕਰੋ ਯਕੀਨਨ ਉਹ ਕੁਝ ਵਧੀਆ ਸਿਰਜਣਗੇ ਪੰਜ ਸਾਲ ਦੀ ਉਮਰ ਦੀ ਅਸੀਸ ਦੀਆਂ ਗੱਲਾਂ ਸੁਣ ਕੇ ਤੇ ਉਸ ਨਾਲ ਸਕੂਲ ਵੇਖ ਕੇ ਮਨ ਖੁਸ਼ ਹੋ ਗਿਆ ਹੈ। ਡਾਕਟਰ ਕਰਮਜੀਤ ਸਿੰਘ ਚੇਅਰਮੈਨ ਪ੍ਰਿੰਸੀਪਲ ਗੁਰਜੀਤ ਸਿੰਘ ਤੇ ਸਮੁੱਚੀ ਟੀਮ ਨੂੰ ਵਧਾਈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੰਜਾਬ ਦੀ ਜਵਾਨੀ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਨਾਉਣ ਦੇ ਲਈ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜੋ - ਐਡਵੋਕੇਟ ਪਲਵਿੰਦਰ ਮਾਨਾ

**ਚੱਬੇਵਾਲ( ਚਰਨਜੀਤ ਸੱਲ੍ਹਾਂ )ਮਿਤੀ 24-03-2026** ਨੂੰ ਹਲਕਾ ਚੱਬੇਵਾਲ ਦੇ ਪਿੰਡ ਤਾਜੋਵਾਲ ਦੇ ਯੂਥ ਸ਼੍ਰੀ ਗੁਰੂ ਰਵਿਦਾਸ ਜੀ ਸਪੋਰਟਸ ਕਲੱਬ ਤਾਜੋਵਾਲ ਵਲੋਂ ਫੁੱਟਵਾਲ ਦੇ ਟੂਰਨਾਮੈਂਟ ਕਰਵਾਏ ਗਏ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਨੇ ਆਪਣੇ ਹੱਥਾ ਦੇ ਨਾਲ ਰਿਬਨ ਕੱਟ ਕੇ ਮੈਚਾਂ ਦਾ ਅਗਾਜ ਕੀਤਾ ੀ ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਜੀ ਵਲੋਂ ਹਿੱਸਾ ਲੈ ਰਹੇ ਖਿਡਾਰੀਆ ਨੂੰ ਹੌਸਲਾ ਦਿੱਤਾ ਕਿ ਤੁਸੀਂ ਖੇਡ ਦੀ ਦੁਨੀਆ ਵੱਲ ਧਿਆਨ ਦੇਕੇ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ, ਤਰੱਕੀ ਵੱਲ ਵਧ ਰਹੇ ਹੋ ਅਤੇ ਨਾਲ ਹੀ ਦੂਰੋ ਦੋਰੋ ਚਲਕੇ ਆਏ ਨੌਜਵਾਨਾਂ ਨੂੰ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿ ਕੇ ਪੜਾਈ ਅਤੇ ਖੇਡਾ ਵੱਲ ਧਿਆਨ ਦਿਓ ਤਾਂ ਜੋ ਤੁਸੀ ਜਿੰਦਗੀ ਵਿੱਚ ਤਰੱਕੀ ਕਰ ਸਕੋ ਅਤੇ ਨਾਲ ਹੀ ਐਡਵੋਕੇਟ ਮਾਨਾ ਜੀ ਨੇ ਨੌਜਵਾਨਾਂ ਨੂੰ ਬਸਪਾ ਦੀਆ ਨੀਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਆਓ ਬਸਪਾ ਦੀ "ਪੰਜਾਬ ਸੰਭਾਲੋ ਮੁਹਿੰਮ" ਦੇ ਨਾਲ ਜੁੜੀਏ ਤੇ ਪੰਜਾਬ ਦੀ ਜਵਾਨੀ ਨੂੰ ਬਚਾਉਂਦੇ ਹੋਏ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਈਏ ੀ ਇਸ ਮੌਕੇ ਸਮੂਹ ਪਿੰਡ ਤਾਜੋਵਾਲ ਦੇ ਮੋਹਤਵਰ ਵਿਅਕਤੀਆਂ ਨੇ ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਦਾ ਨਿੱਘਾ ਸਵਾਗਤ ਕਰਦੇ ਹੋਏ ਧੰਨਵਾਦ ਵੀ ਕੀਤਾ ੀ ਇਸ ਮੌਕੇ ਤੇ ਹਾਜ਼ਰ ਸਾਥੀ ਜਸਵਿੰਦਰ ਸਿੰਘ ਤਾਜੋਵਾਲ ਜੀ, ਸਤਪਾਲ ਬਡਾਲਾ ਜੀ ਜਨ ਸਕੱਤਰ, ਬਾਬੂ ਰੌਸ਼ਨ ਲਾਲ ਜੀ ਸੀਨੀਅਰ ਬਸਪਾ ਆਗੂ , ਤੇਜ ਪਾਲ, ਰਾਮ ਕ੍ਰਿਸ਼ਨ ਸਾਬਕਾ ਸਰਪੰਚ ਜੀ, ਪਰਮਜੀਤ ਸਿੰਘ ਸਾਬਕਾ ਸਰਪੰਚ ਜੀ, ਇੰਦਰਜੀਤ ਸਿੰਘ ਪੰਚ, ਸੰਦੀਪ ਕੁਮਾਰ ਜੀ, ਜਤਿੰਦਰ ਸਿੰਘ ਤੇ ਲੰਬੜਦਾਰ ਸਾਹਿਬ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।





# ਬਰਿੰਦਰ ਸਿੰਘ ਪਰਮਾਰ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸਕੱਤਰ ਜਨਰਲ ਨਿਯੁਕਤ

**ਹੁਸ਼ਿਆਰਪੁਰ 24 ਮਾਰਚ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਵੱਲੋਂ ਬਰਿੰਦਰ ਸਿੰਘ ਪਰਮਾਰ ਨੂੰ ਪਾਰਟੀ ਦਾ ਜ਼ਿਲਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ। ਆਪਣੀ ਇਸ ਨਿਯੁਕਤੀ ਤੇ ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਤਿੰਦਰ ਸਿੰਘ ਲਾਲੀ ਬਾਜਵਾ ਜ਼ਿਲਾ ਪ੍ਰਧਾਨ ਹੁਸ਼ਿਆਰਪੁਰ ਸ਼ਹਿਰੀ ਤੇ ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ, ਵਰਿੰਦਰ ਸਿੰਘ ਬਾਜਵਾ ਸਾਬਕਾ ਰਾਜ ਸਭਾ ਮੈਂਬਰ, ਲਖਵਿੰਦਰ ਸਿੰਘ ਲੱਖੀ ਜ਼ਿਲ੍ਹਾ ਪ੍ਰਧਾਨ ਦਿਹਾਤੀ, ਸੋਹਣ ਸਿੰਘ ਠੰਡਲ ਸਾਬਕਾ ਕੈਬਿਨੇਟ ਮੰਤਰੀ, ਬਲਬੀਰ ਸਿੰਘ ਮਿਆਣੀ ਸਾਬਕਾ ਮੰਤਰੀ, ਸੰਜੀਵ ਤਲਵਾੜ ਹਲਕਾ ਇੰਚਾਰਜ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ, ਅਰਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ, ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਮੌਕੇ ਭਰਵੇਂ ਇਕੱਠ ਚ ਜ਼ਿਲਾ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਬਰਿੰਦਰ ਸਿੰਘ ਪਰਮਾਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਲਾਲੀ ਬਾਜਵਾ ਨੇ ਕਿਹਾ ਕਿ ਪਾਰਟੀ ਦੇ ਹਰੇਕ ਮਿਹਨਤੀ ਵਰਕਰ ਨੂੰ ਅਹੁਦੇਦਾਰੀਆਂ ਦੇ ਕੇ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਇਸ ਮੌਕੇ ਬਰਿੰਦਰ ਸਿੰਘ ਪਰਮਾਰ ਨੇ ਆਪਣੀ ਇਸ ਨਿਯੁਕਤੀ ਲਈ ਪਾਰਟੀ ਹਾਈ ਕਮਾਨ ਦਾ ਧੰਨਵਾਦ ਕਰਦਿਆ ਕਿਹਾ ਕਿ ਪਾਰਟੀ ਵਲੋ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣ ਗੇ ਅਤੇ ਆਉਣ ਵਾਲੀਆ 2027 ਵਿਧਾਨ ਸਭਾ ਚੋਣਾਂ ਚ ਅਕਾਲੀ ਉਮੀਦਵਾਰਾ ਦੀ ਜਿੱਤ ਨੂੰ ਪੱਕਾ ਕਰਨ ਲਈ ਦਿਨ ਰਾਤ ਇੱਕ ਕਰਨਗੇ।



ਫੋਟੋ ਅਜਮੇਰ ਦੀਵਾਨਾ

# ਕਾਠਗੜ੍ਹ ਵਿਖੇ 30ਵਾਂ ਵਿਸ਼ਾਲ ਭਗਵਤੀ ਜਾਗਰਣ 3 ਅਪ੍ਰੈਲ ਨੂੰ

**ਨਵਾਂਸ਼ਹਿਰ /ਕਾਠਗੜ੍ਹ, 24 ਮਾਰਚ (ਜਤਿੰਦਰਪਾਲ ਸਿੰਘ ਕਲੇਰ)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਵ ਦੁਰਗਾ ਸੋਸ਼ਲ ਵੈੱਲਫੇਅਰ ਕਲੱਬ ਕਾਠਗੜ੍ਹ, ਸਮੂਹ ਨਗਰ ਨਿਵਾਸੀ ਤੇ ਦੁਕਾਨਦਾਰਾਂ ਦੇ ਸਹਿਯੋਗ ਨਾਲ 30ਵਾਂ ਵਿਸ਼ਾਲ ਭਗਵਤੀ ਜਾਗਰਣ 3 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਬੜੇ ਉਤਸ਼ਾਹ ਤੇ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਪ੍ਰਬੰਧਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਂ ਦੀ ਪਵਿੱਤਰ ਜੋਤ ਪ੍ਰਸਿੱਧ ਸ਼ਕਤੀ ਪੀਠ ਸ਼੍ਰੀ ਨੈਣਾ ਦੇਵੀ ਤੋਂ ਲਿਆਂਦੀ ਜਾਵੇਗੀ ਅਤੇ ਪੰਜਾਬ ਦੇ ਪ੍ਰਸਿੱਧ ਨਾਮਵਰ ਕਲਾਕਾਰ ਸੰਨੀ ਦੋਸ਼ੀ ਤੇ ਗੌਤਮ ਜਲੰਧਰੀ ਮਹਾਂਮਾਈ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਤੋਂ ਇਲਾਵਾ ਜਾਗਰਣ ਮੌਕੇ ਮਾਤਾ ਰਾਣੀ ਦਾ ਸੁੰਦਰ ਦਰਬਾਰ ਸਜਾਇਆ ਜਾਵੇਗਾ। ਸੰਗਤਾਂ ਲਈ ਮਾਤਾ ਦੇ ਭੰਡਾਰੇ ਅਤੁੱਟ ਵਰਤਾਏ ਜਾਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਜਾਗਰਣ ਦੇ ਵਿੱਚ ਸਬੰਧ ਵਿੱਚ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਮਿੰਟੂ ਆਨੰਦ, ਵਿਸ਼ਾਲ ਆਨੰਦ, ਗੌਰਵ ਵੈਦ, ਕੁਸ਼ਲ ਜੋਸ਼ੀ, ਗੋਬਿੰਦ ਸ਼ਰਮਾ, ਰੋਹਿਤ ਕੁਮਾਰ,ਨਿਤਿਨ ਸ਼ਰਮਾ, ਮਨੋਹਰ ਲਾਲ,ਰਵੀ ਟੈਲੀਕਾਮ, ਦੇਸ ਰਾਜ, ਨੀਲੂ ਚੋਧਰੀ ਆਦਿ ਹਾਜ਼ਰ ਸਨ।



# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਸ਼ਹੀਦ ਦਿਵਸ 'ਤੇ ਸ਼ਹੀਦਾਂ ਨੂੰ ਯਾਦ ਕੀਤਾ

**ਨਵਾਂਸ਼ਹਿਰ /ਕਾਠਗੜ੍ਹ 24 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ )** ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ , ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ, ਨੇ "ਮਸ਼ਾਲ - ਏ- ਹਿੰਦ" ਥੀਮ 'ਤੇ ਸ਼ਹੀਦੀ ਦਿਵਸ 2026 ਨੂੰ ਪੂਰੇ ਯੂਨੀਵਰਸਿਟੀ ਕੈਂਪਸ ਵਿੱਚ ਅਰਥਪੂਰਨ ਅਤੇ ਦੇਸ਼ ਭਗਤੀ ਦੀਆਂ ਗਤੀਵਿਧੀਆਂ ਦੀ ਇੱਕ ਲੜੀ ਦੇ ਨਾਲ ਮਨਾਇਆ। ਇਸ ਮੌਕੇ ਮਹਾਨ ਕ੍ਰਾਂਤੀਕਾਰੀਆਂ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ ਗਈ ਜਿਨ੍ਹਾਂ ਦੀਆਂ ਕੁਰਬਾਨੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਪੂਰੇ ਪ੍ਰੋਗਰਾਮ ਦੌਰਾਨ ਕੈਂਪਸ ਦੇਸ਼ ਭਗਤੀ, ਏਕਤਾ ਅਤੇ ਰਾਸ਼ਟਰੀ ਮਾਣ ਦੀ ਡੂੰਘੀ ਭਾਵਨਾ ਨਾਲ ਗੂੰਜਦਾ ਰਿਹਾ। ਸਮਾਰੋਹ ਦੀ ਸ਼ੁਰੂਆਤ ਇੱਕ ਦੇਸ਼ ਭਗਤੀ ਰੈਲੀ ਨਾਲ ਹੋਈ, ਜਿਸ ਵਿੱਚ ਸਮਾਗਮ ਦੀ ਸ਼ੁਰੂਆਤ ਹੋਈ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ, ਤਖ਼ਤੀਆਂ ਫੜੀਆਂ ਅਤੇ ਦੇਸ਼ ਭਗਤੀ ਅਤੇ ਯਾਦ ਦੀ ਭਾਵਨਾ ਨੂੰ ਗੂੰਜਦੇ ਨਾਅਰੇ ਲਗਾਏ। ਪ੍ਰੋ ਮੀਨਾਕਸ਼ੀ ਸ਼ਰਮਾ ਨੇ ਦੱਸਿਆ ਕਿ ਇਸ ਦੇਸ਼ ਭਗਤੀ ਦੇ ਪ੍ਰੋਗਰਾਮ ਵਿੱਚ ਨਾਚ, ਗਾਇਨ ਅਤੇ ਨਾਟਕੀ ਪ੍ਰਦਰਸ਼ਨ ਸ਼ਾਮਲ ਸਨ , ਨੇ ਦੇਸ਼ ਪ੍ਰਤੀ ਕੁਰਬਾਨੀ ਅਤੇ ਸ਼ਰਧਾ ਦੀ ਭਾਵਨਾ ਨੂੰ ਦਰਸਾਇਆ। ਇੱਕ ਖਾਸ ਆਕਰਸ਼ਣ "ਅਮਰ ਗੂੰਜ" ਅਤੇ "ਆਜ਼ਾਦੀ ਦਾ ਮਾਣ" ਨਾਮਕ ਦੋ ਪ੍ਰਭਾਵਸ਼ਾਲੀ ਸਕਿਟਾਂ ਦਾ ਮੰਚਨ ਸੀ, ਜਿਨ੍ਹਾਂ ਨੇ ਭਗਤ ਸਿੰਘ ਦੇ ਜੀਵਨ, ਸੰਘਰਸ਼ਾਂ ਅਤੇ ਸ਼ਹਾਦਤ ਨੂੰ ਸਪਸ਼ਟ ਤੌਰ 'ਤੇ ਦਰਸਾਇਆ, ਜਿਸ ਵਿੱਚ ਫਾਂਸੀ ਦੇ ਸਮੇਂ ਦੌਰਾਨ ਸ਼ਹੀਦ ਦੇ ਪਰਿਵਾਰ ਦੀ ਭਾਵਨਾਤਮਕ ਯਾਤਰਾ ਵੀ ਸ਼ਾਮਲ ਸੀ। "ਮਸ਼ਾਲ-ਏ-ਹਿੰਦ" ਪ੍ਰੋਗਰਾਮ ਨੇ ਬੌਧਿਕ ਡੂੰਘਾਈ ਵੀ ਜੋੜੀ, ਯੂਨੀਵਰਸਿਟੀ ਸਕੂਲ ਆਫ਼ ਲੀਗਲ ਸਟੱਡੀਜ਼ ਵੱਲੋਂ ਸ਼ਹੀਦ ਭਗਤ ਸਿੰਘ ਦੇ ਪੱਤਰਾਂ ਦੀ ਪ੍ਰਦਰਸ਼ਨੀ ਅਤੇ ਭਾਸ਼ਾ ਵਿਭਾਗ ਪੰਜਾਬ ਦੁਆਰਾ ਕਿਤਾਬਾਂ ਦੀ ਪ੍ਰਦਰਸ਼ਨੀ ਨੇ ਪ੍ਰੇਰਨਾਦਾਇਕ ਇਨਕਲਾਬੀ ਸਾਹਿਤ ਪ੍ਰਦਰਸ਼ਿਤ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਅਤੇ ਆਦਰਸ਼ਾਂ ਨਾਲ ਹੋਰ ਨੇੜਿਓਂ ਜੁੜਨ ਦੇ ਯੋਗ ਬਣਾਇਆ ਗਿਆ। ਕਵਿਤਾ, ਭਾਸ਼ਣ ਅਤੇ ਦੇਸ਼ ਭਗਤੀ ਦੇ ਗੀਤਾਂ ਵਾਲੇ ਓਪਨ ਮਾਈਕ ਸੈਸ਼ਨਾਂ ਨੇ ਮਾਹੌਲ ਨੂੰ ਹੋਰ ਵੀ ਅਮੀਰ ਬਣਾਇਆ, ਭਗਤ ਸਿੰਘ ਨੂੰ ਨਾ ਸਿਰਫ਼ ਇੱਕ ਨਿਡਰ ਆਜ਼ਾਦੀ ਘੁਲਾਟੀਏ ਵਜੋਂ, ਸਗੋਂ ਇੱਕ ਦੂਰਦਰਸ਼ੀ ਚਿੰਤਕ ਵਜੋਂ ਵੀ ਦਰਸਾਇਆ। ਇਸ ਮੌਕੇ ਵਾਈਸ ਚਾਂਸਲਰ ਡਾ. ਏ. ਐੱਸ. ਚਾਵਲਾ ਦੀ ਮਾਣਯੋਗ ਹਾਜ਼ਰੀ ਨੇ ਸਨਮਾਨਿਤ ਕੀਤਾ, ਜਿਨ੍ਹਾਂ ਨੇ ਸਮਾਗਮ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਹਾਜ਼ਰੀਨ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸਿੱਖਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ ਰਜਿਸਟਰਾਰ ਡਾ. ਬੀ. ਐੱਸ. ਸਤਿਆਲ, ਸੀਈਓ ਵਿਮਲ ਮਨੋਹਤਰਾ, ਕਾਰਜਕਾਰੀ ਡੀਨ ਡਾ. ਐੱਚ. ਪੀ. ਐੱਸ. ਧਾਮੀ, ਕਾਰਜਕਾਰੀ ਡੀਨ ਡਾ. ਆਸ਼ੂਤੋਸ਼ ਸ਼ਰਮਾ, ਡਾ. ਰਾਜਿੰਦਰ ਕੌਰ, ਡਾ. ਮਹਿੰਦਰ ਸਿੰਘ, ਸ਼੍ਰੀ ਪੀ. ਕੇ. ਵਰਮਾ, ਡਾ. ਅਮਿਤ ਸ਼ਰਮਾ ਡਾ. ਵੀ. ਕੇ. ਸੈਣੀ, ਇੰਜੀਨੀਅਰ ਮਨਦੀਪ ਸਿੰਘ, ਪ੍ਰੋ. ਨਰਿੰਦਰ ਡੁੱਬਲਾ ਪੀ.ਆਰ.ਓ. ਸਮੇਤ ਸਨਮਾਨਿਤ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦਾ ਆਯੋਜਨ ਅਤੇ ਤਾਲਮੇਲ ਪ੍ਰੋ. ਸੁਖਵਿੰਦਰ ਕੌਰ ਕੋਆਰਡੀਨੇਟਰ ਕਾਲੀਡੀਸਕੋਪ ਕਲੱਬ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦਸਤਾਰ ਬੰਦੀ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਸ਼ਹੀਦੀ ਦਿਵਸ 2026 ਇੱਕ ਡੂੰਘੇ ਉਤਸ਼ਾਹਜਨਕ ਅਤੇ ਪਰਿਵਰਤਨਸ਼ੀਲ ਅਨੁਭਵ ਵਜੋਂ ਸਮਾਪਤ ਹੋਇਆ, ਜਿਸਨੇ ਹਰੇਕ ਭਾਗੀਦਾਰ ਅਤੇ ਹਾਜ਼ਰ ਵਿਅਕਤੀ 'ਤੇ ਇੱਕ ਅਮਿੱਟ ਛਾਪ ਛੱਡੀ। ਇਸ ਮੌਕੇ ਯੂਨੀਵਰਸਿਟੀ ਦਾ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।





# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਫ਼ਲਸਫ਼ੇ ਤੇ ਹੋਇਆ ਪਹਿਲਾ ਸੈਮੀਨਾਰ ਯਾਦਗਾਰੀ ਹੋ ਨਿੱਬੜਿਆ

**ਆਪਣੀ ਅਧਿਆਤਮਕ ਸ਼ਕਤੀ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਕਾਲ ਦੇ ਰਾਜੇ ਰਾਣੀਆਂ ਨੂੰ ਗੁਰੂ ਸ਼ਬਦ ਨਾਲ ਜੋੜਿਆ : ਡਾ. ਕਮਲਜੀਤ ਸਿੰਘ**

**ਹੁਸ਼ਿਆਰਪੁਰ 24 ਮਾਰਚ ( ਤਰਸੇਮ ਦੀਵਾਨਾ ) –** ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਵੱਲੋਂ ਸੂਬੇ ਭਰ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਦੇ ਕੀਤੇ ਫ਼ੈਸਲੇ ਦੇ ਸਬੰਧ ਵਿਚ ਇਸ ਲੜੀ ਤਹਿਤ ਪਹਿਲਾ ਸੈਮੀਨਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਫ਼ਲਸਫ਼ੇ ਤੇ ਸੰਵਾਦ, ਸਮਾਜ ਤੇ ਵਿਚਾਰ' ਵਿਸ਼ੇ ਤੇ ਲੁਧਿਆਣਾ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀ ਭਵਨ ਵਿਚ ਮਿਲਕਫੈੱਡ ਪੰਜਾਬ ਦੇ ਸਾਬਕਾ ਜੀ ਐੱਮ ਬਲਵਿੰਦਰ ਸਿੰਘ ਜਾਤੀਵਾਲ ਦੀ ਪ੍ਰਧਾਨਗੀ ਵਿਚ ਕਰਾਇਆ ਗਿਆ। ਇਸ ਸੈਮੀਨਾਰ ਵਿਚ ਵਿਸ਼ੇਸ਼ ਪੇਪਰ ਪੜ੍ਹਨ ਲਈ ਦਿਲੀ ਯੂਨੀਵਰਸਿਟੀ ਦੇ ਦਿਆਲ ਕਾਲਜ ਦੇ ਪ੍ਰੋਫੈਸਰ ਡਾ. ਕਮਲਜੀਤ ਸਿੰਘ ਪੁੱਜੇ, ਉਨ੍ਹਾਂ ਤੋਂ ਇਲਾਵਾ ਸਾਬਕਾ ਪ੍ਰਿੰਸੀਪਲ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਜੀਵਨ ਤੇ ਵਿਸ਼ੇਸ਼ ਖੋਜਕਾਰ ਡਾ. ਗੁਰਮੀਤ ਸਿੰਘ ਕਲੱਰਮਾਜਰੀ ਨੇ ਵੀ ਪੇਪਰ ਪੜ੍ਹਿਆ, ਇਸ ਸੈਮੀਨਾਰ ਵਿਚ ਪੰਜਾਬ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਤੇ ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਡਾ. ਸਰਬਜੀਤ ਸਿੰਘ ਨੇ ਕੁੰਜੀਵਤ ਭਾਸ਼ਣ ਦਿੱਤਾ। ਸੈਮੀਨਾਰ ਦੇ ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ ਭਦੌੜ ਤੇ ਵਿਸ਼ੇਸ਼ ਮਹਿਮਾਨ ਦਲਜੀਤ ਸਿੰਘ ਜੀ ਐੱਮ ਵੇਰਕਾ ਮਿਲਕ ਪਲਾਂਟ ਲੁਧਿਆਣਾ ਸਨ।

ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਵਿਚ ਕਰਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਵਿਚ ਪਹਿਲੇ ਸੈਮੀਨਾਰ ਵਿਚ ਕੁੰਜੀਵਤ ਭਾਸ਼ਣ ਦਿੰਦਿਆਂ ਡਾ. ਸਰਬਜੀਤ ਸਿੰਘ ਨੇ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚ ਬੇਗਮਪਰੇ ਦਾ ਸੰਕਲਪ ਦੁਨੀਆ ਨੂੰ ਇਕਸਾਰਤਾ ਦਾ ਸੰਦੇਸ਼ ਦਿੰਦਾ ਹੈ। ਸ਼੍ਰੀ ਗੁਰੂ





ਗ੍ਰੰਥ ਸਾਹਿਬ ਵਿਚ ਦਰਜ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਬਾਣੀ ਹੈ, ਜਿਸ ਵਿਚ ਉਨ੍ਹਾਂ ਨੇ ਜਿੱਥੇ ਕ੍ਰਾਂਤੀਕਾਰੀ ਵਿਚਾਰਾਂ ਵਿਚ ਰਾਜਨੀਤੀ ਦਾ ਗਿਆਨ ਵੀ ਦਿੱਤਾ ਤੇ ਅਧਿਆਤਮਿਕਤਾ ਦੀ ਗੱਲ ਵੀ 'ਗੁਰਪ੍ਰਸਾਦ' ਦਾ ਸੰਦੇਸ਼ ਦਿੰਦਿਆਂ 'ਸ਼ਬਦ ਗੁਰੂ' ਦੀ ਦੂਨੀਆ ਵਿਚ ਅਹਿਮੀਅਤ ਦੱਸੀ। ਇਸ ਮੌਕੇ ਪੇਪਰ ਪੜ੍ਹਦਿਆਂ ਡਾ. ਕਮਲਜੀਤ ਸਿੰਘ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਜਿੱਥੇ ਜਾਤ ਪਾਤ ਨੂੰ ਮੁੱਢੋਂ ਰੱਦ ਕਰਦੇ ਹਨ, ਉੱਥੇ ਹੀ ਉਹ ਆਪਣੀ ਅਧਿਆਤਮਿਕ ਸ਼ਕਤੀ ਨਾਲ ਉਨ੍ਹਾਂ ਦੇ ਸਮਕਾਲ ਦੇ ਰਾਜਿਆਂ ਤੇ ਰਾਣੀਆਂ ਦੇ ਗੁਰੂ ਬਣੇ ਤੇ ਉਨ੍ਹਾਂ ਨੂੰ ਗੁਰੂਸ਼ਬਦ ਨਾਲ ਜੋੜਿਆ,। ਡਾ. ਗੁਰਮੀਤ ਸਿੰਘ ਕਲੱਰਮਾਜਰੀ ਨੇ ਪੇਪਰ ਪੜ੍ਹਦਿਆਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਚਲਾਏ ਜਾ ਰਹੇ ਮਿਸ਼ਨ ਅਤੇ ਉਨ੍ਹਾਂ ਦੇ ਸੰਕਲਪ ਤੋਂ ਸੇਧ ਲੈਂਦਿਆਂ ਹੁਣ ਦੁਨੀਆ ਵਿਚ ਮਾਨਵਤਾ ਦੀ ਏਕਤਾ ਦੀ ਗੱਲ ਕੀਤੀ ਜਾ ਰਹੀ ਹੈ, ਉਹ ਇਨਸਾਨ ਨਾਲ ਇਨਸਾਨ ਹੋ ਰਹੀਆਂ ਲੜਾਈਆਂ ਨੂੰ ਇਨਸਾਨੀਅਤ ਦਾ ਨਾਸ ਕਰਨ ਵਾਲੀ ਖ਼ਤਰਨਾਕ ਪਿਰਤ ਦੱਸਦੇ ਹਨ। ਇਸ ਵੇਲੇ ਸਵਾਲਾਂ-ਜਵਾਬ ਦੇ ਚੱਲੇ ਸੈਸ਼ਨ ਵਿਚ ਉੱਘੇ ਲੇਖਕ ਨਵਤੇਜ ਗੜ੍ਹਦੀਵਾਲਾ, ਪਰਮਜੀਤ ਸਿੰਘ ਜਾਗ੍ਰਿਤੀ, ਸੰਤ ਸਤਵਿੰਦਰ ਸਿੰਘ ਹੀਰਾ, ਪਰਮਿੰਦਰ ਸਿੰਘ ਪਟਿਆਲਾ, ਲੇਖਕ ਜਸਵੰਤ ਸਿੰਘ, ਅਮਰਜੀਤ ਸ਼ੇਰਪੁਰੀ ਆਦਿ ਹੋਰ ਕਈਆਂ ਵੱਲੋਂ ਉਠਾਏ ਸਵਾਲਾਂ ਦੇ ਵਿਦਵਾਨਾਂ ਨੇ ਜਵਾਬ ਦਿੱਤੇ। ਸੰਸਥਾ ਦੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਨੇ ਕਿਹਾ ਕਿ ਜੋ ਸਵਾਲ ਇੱਥੇ ਉਠਾਏ ਗਏ ਹਨ ਉਨ੍ਹਾਂ ਦਾ ਅਗਲੇ ਸੈਮੀਨਾਰਾਂ ਵਿਚ ਕੋਰ ਕਮੇਟੀ ਵਿਚ ਵਿਚਾਰ ਕਰਕੇ ਜਵਾਬ ਦਿੱਤਾ ਜਾਵੇਗਾ, ਇਸ ਵੇਲੇ ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਇਨ੍ਹਾਂ ਸੈਮੀਨਾਰਾਂ ਵਿਚ ਸਿਰਫ਼ ਸਤਿਗੂਰੂ ਰਵੀਦਾਸ ਜੀ ਨਾਮ ਲੇਵਾ ਕੌਮ ਦੇ ਵਿਦਵਾਨ ਹੀ ਪੇਪਰ ਨਹੀਂ ਪੜ੍ਹਨਗੇ ਸਗੋਂ ਇਨ੍ਹਾਂ ਸੈਮੀਨਾਰ ਵਿਚ ਹੋਰ ਵਿਦਵਾਨ ਵੀ ਪੇਪਰ ਪੜ੍ਹਨ ਲਈ ਸੱਦੇ ਜਾ ਰਹੇ ਹਨ।

ਉਹਨਾਂ ਦੱਸਿਆ ਕਿ ਅਗਲਾ ਸੈਮੀਨਾਰ ਜਲੰਧਰ ਵਿਖੇ 5 ਅਪਰੈਲ ਨੂੰ ਹੋਵੇਗਾ। ਇਸ ਵੇਲੇ ਲੋਕ ਸੰਪਰਕ ਪੰਜਾਬ ਦੇ ਡਿਪਟੀ ਡਾਇਰੈਕਟਰ ਪ੍ਰਭਜੀਤ ਸਿੰਘ ਨੱਥੂਵਾਲ, ਐਨ ਬੀ ਟੀ ਤੋਂ ਮਿਸਰਦੀਪ ਸਿੰਘ ਦਿਲੀ ਤੋਂ, ਪ੍ਰੋ. ਲਾਲ ਬਹਾਦਰ ਭਾਟੀਆ ਜਲੰਧਰ, ਇੰਜ. ਜਗਦੀਸ਼ ਲਾਲ ਬੱਧਣ ਹੁਸ਼ਿਆਰਪੁਰ, ਕੁਲਦੀਪ ਚੰਦ ਨੰਗਲ (ਰੋਪੜ), ਡਾ. ਸੰਤੋਖ ਸੁੱਖੀ ਪਟਿਆਲਾ, ਸਤਨਾਮ ਸਿੰਘ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ, ਹਰਦੇਵ ਸਿੰਘ ਬੋਪਾਰਾਏ ਆਦਿ ਨੇ ਵੀ ਸਵਾਲ ਖੜੇ ਕੀਤੇ। ਇਸ ਸੈਮੀਨਾਰ ਦਾ ਡੀ-5 ਪੰਜਾਬੀ ਚੈਨਲ ਤੋਂ ਇਲਾਵਾ ਹੋਰ ਕਈ ਚੈਨਲਾਂ ਨੇ ਲਾਈਵ ਵੀ ਦਿਖਾਇਆ ਗਿਆ ।

**ਫੋਟੋ ਅਜਮੇਰ ਦੀਵਾਨਾ**

# ਜ਼ਿਲ੍ਹੇ ਦੀ ਹਦੂਦ ਅੰਦਰ ਬਿਨਾਂ ਮਨਜ਼ੂਰੀ ਡਰੋਨ ਉਡਾਉਣ 'ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਰਾਜ ਅੰਦਰ ਸਰਹੱਦੀ ਜ਼ਿਲ੍ਹਿਆਂ 'ਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਡਰੋਨ ਦੀ ਮੱਦਦ ਨਾਲ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਤਰ੍ਹਾਂ ਦੇ ਡਰੋਨ ਉਡਾਉਣ/ਵਰਤੋਂ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਵਿਆਹ ਸਮਾਗਮਾਂ/ਧਾਰਮਿਕ ਸਮਾਗਮਾਂ ਅਤੇ ਹੋਰ ਪ੍ਰੋਗਰਾਮਾਂ ਵਿਚ ਬਿਨਾਂ ਮਨਜ਼ੂਰੀ ਡਰੋਨ ਚਲਾਉਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 12 ਮਈ 2026 ਤੱਕ ਲਾਗੂ ਰਹੇਗਾ।



**ਪਸ਼ੂਆਂ ਨੂੰ ਬੇਸਹਾਰਾ ਛੱਡਣ ਵਾਲਿਆਂ 'ਤੇ ਹੋਵੇਗੀ ਕਾਰਵਾਈ**

ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਪਸ਼ੂਆਂ ਨੂੰ ਬੇਸਹਾਰਾ ਛੱਡਣ ਵਾਲੇ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਗਊਵੰਸ਼ ਦਾ ਕੁਝ ਧਰਮਾਂ ਵਿਚ ਬਹੁਤ ਜ਼ਿਆਦਾ ਸਤਿਕਾਰ ਹੋਣ ਕਾਰਨ ਗਊਵੰਸ਼ ਨੂੰ ਇਸ ਤਰ੍ਹਾਂ ਬੇਸਹਾਰਾ ਛੱਡਣ ਕਾਰਨ ਜਾਨੀ ਨੁਕਸਾਨ ਨਾਲ ਜਿਥੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ, ਉਥੇ ਅਮਨ ਅਤੇ ਕਾਨੂੰਨ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਪੁਲਿਸ ਵਿਭਾਗ, ਪਸ਼ੂ ਪਾਲਣ ਵਿਭਾਗ, ਬੀ.ਡੀ.ਪੀ.ਓਜ਼, ਕਾਰਜ ਸਾਧਕ ਅਫਸ਼ਰ ਜ਼ਿੰਮੇਵਾਰ ਹੋਣਗੇ ਅਤੇ ਜੇਕਰ ਉਨ੍ਹਾਂ ਦੇ ਧਿਆਨ ਵਿਚ ਕੋਈ ਬੇਸਹਾਰਾ ਪਸ਼ੂ ਛੱਡਣ ਦੀ ਘਟਨਾ ਆਉਂਦੀ ਹੈ ਤਾਂ ਤੁਰੰਤ ਅਜਿਹੇ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਪਸ਼ੂਆਂ ਨੂੰ ਬੇਸਹਾਰਾ ਛੱਡਣ ਨਾਲ ਇਹ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਇਹ ਹੁਕਮ 12 ਮਈ 2026ਤੱਕ ਲਾਗੂ ਰਹੇਗਾ।

# ਅਗਾਂਹ ਵਧੂ ਕਿਸਾਨ ਸੁਰਜੀਤ ਸਿੰਘ ਬਿੰਬ ਨੂੰ ਪੀ ਏ ਯੂ ਵਲੋਂ ਜੈਵਿਕ ਖੇਤੀ ਨਾਲ ਜੋੜਨ ਤੇ ਮੁੱਖ ਮੰਤਰੀ ਨੇ ਸਨਮਾਨਿਤ ਕੀਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪਿੰਡ ਬੀਰਮਪੁਰ ਦੇ ਅਗਾਂਹ ਵਧੂ ਕਿਸਾਨ ਸ. ਸੁਰਜੀਤ ਸਿੰਘ ਬਿੰਬ ਪੁੱਤਰ.ਸ ਵਤਨ ਸਿੰਘ ਨੇ ਯੂਨੀਅਨ ਬੈਂਕ ਆਫ ਇੰਡੀਆ ਸਾਲ 2015 ਵਿਚ ਬਤੌਰ ਡਿਪਟੀ ਜਨਰਲ ਮੈਨੇਜਰ,ਖੇਤਰੀ ਦਫਤਰ ਲੁਧਿਆਣਾ ਤੋਂ ਰਿਟਾਇਰਮੈਂਟ ਤੋ ਬਾਅਦ ਜੈਵਿਕ ਖੇਤੀ ਨਾਲ ਜੁੜਕੇ ਪਿੰਡ ਬੀਰਮਪੁਰ ਵਿਖੇ ਬਿੰਬ ਨੈਚੁਰਲ ਫਾਰਮ ਸਥਾਪਿਤ ਕਰਕੇ ਰਸਾਇਣ ਮੁਕਤ ਖੇਤੀ ਨੂੰ ਅਪਣਾ ਕੇ ਆਪਣਾ ਮਨ ਬਣਾਇਆ। ਇਸ ਕਿਸਾਨ ਨੇ ਆਪਣੀ 15 ਏਕੜ ਜਮੀਨ ਉਪਰ ਜੈਵਿਕ ਤਰੀਕਿਆਂ ਨਾਲ ਖੇਤੀ ਸ਼ੁਰੂ ਕੀਤੀ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋ ਫਸਲ ਵਿਗਿਆਨ ਦੀ ਐਮ ਐਸ ਸੀ ਕਰਨ ਵਾਲਾ ਇਹ ਕਿਸਾਨ ਆਪਣੇ ਰਕਬੇ ਵਿਚੋ 9 ਏਕੜ ਵਿਚ ਕਮਾਦ ਦੀ ਬੀਜਾਈ ਬੈੱਡ ਤਕਨੀਕ ਰਾਹੀਂ ਕਰਦਾ ਹੈ ਅਤੇ ਅੰਤਰ ਫਸਲੀ ਵਿਧੀ ਵਿਚ ਆਲੂ ਮਟਰ, ਹਲਦੀ, ਗਾਜਰ, ਲਸਣ, ਪਿਆਜ ਅਤੇ ਰਾਜਮਾ ਦੀ ਖੇਤੀ ਕਰਦਾ ਹੈ ।ਇਨਾ ਸਾਰੀਆਂ ਸਹਿ ਫਸਲਾਂ ਦੀ ਰਹਿੰਦ-ਖੂੰਹਦ ਮਿੱਟੀ ਵਿਚ ਵਾਹ ਦੇਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਅਤੇ ਖੁਰਾਕੀ ਤੱਤਾਂ ਦੀ ਮਾਤਰਾ



ਬਰਕਰਾਰ ਰਹਿੰਦੀ ਹੈ ਇਸ ਨਾਲ ਉਪਰੋਕਤ ਕਿਸਾਨ ਦੇ 2 ਏਕੜ ਰਕਬੇ ਤੋ ਕੁਦਰਤੀ ਤਰੀਕਿਆਂ ਨਾਲ ਕਣਕ ਦੀ ਕਾਸ਼ਟ ਕਰਦਾ ਹੈ ਕਮਾਦ ਤੋ ਗੁੜ ਤਿਆਰ ਕਰਕੇ ਸਿਧਾ ਗਾਹਕ ਤਕ ਵੇਚਣਾ ਅਤੇ ਦੇਸੀ ਕਿਸਮਾ ਦੀ ਕਣਕ ਦਾ ਆਟਾ ਵੇਚਣ ਨਾਲ ਇਹ ਕਿਸਾਨ ਸਵੈ-ਮੰਡੀਕਰਣ ਦੀ ਮਿਸਾਲ ਪੇਸ਼ ਕਰਦਾ ਹੈ।ਇਕ ਕਨਾਲ ਥਾਂ ਵਿਚ ਬਣਾਏ ਹੋਲੀ ਹਾਊਸ ਵਿਚ ਸ਼ਿਮਲਾ ਮਿਰਚ, ਬੈਂਗਣ ਅਤੇ ਖੀਰਾ ਦੀ ਸੁਰੱਖਿਅਤ ਕਾਸ਼ਟ ਦੀ ਯੁਗਤ ਵੀ ਇਸ ਕਿਸਾਨ ਨੇ ਅਪਣਾਈ ਹੈ ਆਪਣੇ ਉਤਪਾਦਾਂ ਨੂੰ ਗਾਹਕਾਂ ਤਕ ਪਹੁੰਚਾਉਣ ਲਈ ਸੁਰਜੀਤ ਸਿੰਘ ਸੋਸ਼ਲ ਮੀਡੀਆ ਪਲੇਟਫਾਰਮਾ ਦੀ ਵਰਤੋਂ ਵੀ ਕਰਦਾ ਹੈ। ਪੀ ਏ ਯੂ ਨਾਲ ਲਗਾਤਾਰ ਜੁੜੇ ਇਸ ਕਿਸਾਨ ਨੇ ਜੈਵਿਕ ਕਿਸਾਨ ਕਲੱਬ ਦੀ ਮੈਂਬਰਸਿਪ ਵੀ ਹਾਸਲ ਕੀਤੀ ਹੋਈ ਹੈ। ਫਸਲਾਂ ਦੇ ਖੁਰਾਕੀ ਤੱਤਾ ਦੀ ਪੂਰਤੀ ਲਈ ਕਿਸਾਨ ਗਡੋਆ ਖਾਦ ਦੀ ਵਰਤੋ ਕਰਦਾ ਹੈ ਅਤੇ ਫਸਲਾ ਦੀ ਪੈਦਾਵਾਰ ਤੋ ਇਹ ਕਿਸਾਨ ਅੰਦਾਜਣ 15 ਲਖ ਆਮਦਨ ਹਾਸਲ ਕਰਦਾ ਹੈ। ਵਾਤਾਵਰਨ ਅਤੇ ਮਨੁੱਖੀ ਸਿਹਤ ਦੀ ਸਾਂਭ ਸੰਭਾਲ ਦੇ ਉਦੇਸ਼ ਨੂੰ ਲੈਕੇ ਜੈਵਿਕ ਖੇਤੀ ਅਪਣਾਉਣ ਵਾਲੇ ਸਿਰਮੋਰ ਕਿਸਾਨ ਸ. ਸੁਰਜੀਤ ਸਿੰਘ ਬਿੰਬ ਨੂੰ 2026 ਦੇ ਕਿਸਾਨ ਮੇਲੇ ਵਿਚ ਸੀ ਆਰ ਆਈ ਪੰਪਸ ਪੁਰਸਕਾਰ ਪ੍ਰਦਾਨ ਕਰਨ ਵਿਚ ਪੰਜਾਬ ਖੇਤੀਬਾੜੀ ਯੂਨੀਵਰਸੀਟੀ ਲੁਧਿਆਣਆ ਨੇ ਮੁਖ ਭੂਮਿਕਾ ਨਿਭਾਈ ਇਹ ਪੁਰਸਕਾਰ ਯੂਨੀਵਰਸੀਟੀ ਵਿਚ ਹੋਏ ਕਿਸਾਨ ਮੇਲੇ ਵਿਚ ਸ. ਭਗਵੰਤ ਸਿੰਘ ਮਾਣ ਮੁਖ ਮੰਤਰੀ ਪੰਜਾਬ ਦੇ ਕਰ ਕਮਲਾਂ ਦੇ ਨਾਲ 21-03-2026 ਨੂੰ ਪ੍ਰਦਾਨ ਕੀਤਾ ਗਿਆ।

# ਖਟਕੜ ਕਲਾਂ ਵਿੱਚ ਸ਼ਹੀਦੀ ਦਿਵਸ ਮੌਕੇ ਕਾਂਗਰਸ ਆਗੂਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ, ਸਰਕਾਰ 'ਤੇ ਤਿੱਖੇ ਪ੍ਰਹਾਰ

**ਬੰਗਾ, 24 ਮਾਰਚ: (ਚਰਨਜੀਤ ਸੱਲ੍ਹਾਂ )** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅੱਜ ਖਟਕੜ ਕਲਾਂ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਭੇਟ ਕਰਨ ਪਹੁੰਚੇ। ਉਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਇਨ੍ਹਾਂ ਇਨਕਲਾਬੀਆਂ ਦੇ ਬਲਿਦਾਨਾਂ ਕਰਕੇ ਹੀ ਦੇਸ਼ ਨੂੰ ਆਜ਼ਾਦੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਨੂੰ ਅਸਲ ਸ਼ਰਧਾਂਜਲੀ ਇਹ ਹੈ ਕਿ ਅਸੀਂ ਬੁਰਾਈਆਂ ਦੇ ਖਿਲਾਫ ਡਟ ਕੇ ਲੜੀਏ ਅਤੇ ਪੀੜਤ ਲੋਕਾਂ ਦੀ ਆਵਾਜ਼ ਬਣੀਏ।





ਰਾਜਾ ਵੜਿੰਗ ਨੇ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਗਾਇਆ ਕਿ ਜੋ ਲੋਕ ਭਗਤ ਸਿੰਘ ਦੇ ਨਾਮ 'ਤੇ ਕਸਮਾਂ ਖਾਂਦੇ ਹਨ, ਉਹਨਾਂ ਦੇ ਕੰਮ ਉਨ੍ਹਾਂ ਦੀ ਸੋਚ ਦੇ ਉਲਟ ਹਨ। ਉਨ੍ਹਾਂ ਕਿਹਾ ਕਿ ਵਪਾਰੀ, ਕਿਸਾਨ ਅਤੇ ਮੁਲਾਜ਼ਮ ਵਰਗ ਸਰਕਾਰ ਤੋਂ ਨਾਰਾਜ਼ ਹਨ ਅਤੇ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਡੀਐਮ ਮਾਰਕਫੈਡ ਡਾ. ਗਗਨਜੀਤ ਸਿੰਘ ਰੰਧਾਵਾ ਮਾਮਲੇ ਦੀ ਨਿਰਪੱਖ ਜਾਂਚ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਸਿਟਿੰਗ ਜੱਜ ਦੀ ਦੇਖਰੇਖ ਹੇਠ ਕਰਵਾਉਣ ਦੀ ਮੰਗ ਕੀਤੀ।

ਇਸ ਮੌਕੇ ਨਵਾਂ ਸ਼ਹਿਰ ਤੋਂ ਐਮਐਲਏ ਅੰਗਦ ਸਿੰਘ ਨੇ ਕਿਹਾ ਕਿ ਡਾ. ਗਗਨਜੀਤ ਸਿੰਘ ਰੰਧਾਵਾ ਦਾ ਮਾਮਲਾ ਬਹੁਤ ਹੀ ਮੰਦਭਾਗਾ ਹੈ ਅਤੇ ਇਸ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ ਦੀ ਮੰਗ ਕੀਤੀ।

ਇਸ ਦੌਰਾਨ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਕੈਂਡਲ ਮਾਰਚ ਕੱਢਿਆ ਗਿਆ ਅਤੇ ਸ਼ਹੀਦ ਭਗਤ ਸਿੰਘ ਦੇ ਬੁੱਤ ਕੋਲ ਮੋਮਬੱਤੀਆਂ ਜਗਾ ਕੇ ਸ਼ਹੀਦਾਂ ਅਤੇ ਡਾ. ਰੰਧਾਵਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਮਲਕੀਤ ਸਿੰਘ ਦਾਖਾ, ਕੈਪਟਨ ਸੰਦੀਪ ਸਿੰਘ ਸੰਧੂ, ਵਿਕਰਮ ਚੌਧਰੀ, ਕਾਲਾ ਢਿੱਲੋ, ਅਜੇ ਮੰਗੂਪੁਰ, ਸ਼੍ਰੀਮਤੀ ਮੀਨਾ ਸੂੰਢ , ਸਤਵੀਰ ਸਿੰਘ ਪੱਲੀ, ਰਜਿੰਦਰ ਸ਼ਰਮਾ, ਕੁਲਵਰਨ ਸਿੰਘ ਥਾਂਦੀਆਂ , ਰਾਮਦਾਸ ਸਿੰਘ, ਜਤਿੰਦਰ ਕੌਰ ਮੂੰਗਾ ਜ਼ਿਲ੍ਹਾ ਪ੍ਰਧਾਨ, ਜਸਬੀਰ ਕੌਰ ਬਾਹੜੋਵਾਲ ਪ੍ਰਧਾਨ, ਮੈਡਮ ਕੀਮਤੀ ਸੱਦੀ ਐਮਸੀ, ਹਰਬੰਸ ਸਿੰਘ ਬਬਲੂ, ਜਸਵਿੰਦਰ ਮੱਟੂ, ਸਤਨਾਮ ਸੰਧੂ, ਕਮਲਜੀਤ ਬੰਗਾ, ਹੁਸਨ ਲਾਲ ਘੁੰਮਣ, ਰੇਸ਼ਮ ਸਿੰਘ ਘੁੰਮਣ, ਯੋਗੇਸ਼ ਘੁੰਮਣ, ਬਲਵਿੰਦਰ ਸਿੰਘ ਸਕੋਪ, ਅਮਰਜੀਤ ਕਲਸੀ, ਜੁਝਾਰ ਸਿੰਘ, ਗਿਆਨ ਚੰਦ, ਪਿਆਰਾ ਸਿੰਘ, ਰਾਮ ਲੁਭਾਇਆ, ਰਾਮ ਸਿੰਘ, ਕੁਲਵੀਰ ਸਿੰਘ, ਧਰਮ ਸਿੰਘ, ਹਰਭਜਨ ਸਿੰਘ, ਹਰਪਾਲ ਸਿੰਘ, ਚਰਨਜੀਤ, ਕਸ਼ਮੀਰ ਸਿੰਘ, ਨਰਿੰਦਰ ਬੁਖਲੌਰ, ਸੋਮਨਾਥ ਕਟਾਰੀਆ, ਜਰਨੈਲ ਸਿੰਘ, ਪਵਨ ਕੁਮਾਰ, ਅਮਰਜੀਤ ਚਾਹਲ, ਉਪਕਾਰ ਸਿੰਘ, ਡਾ. ਅਮਰੀਕ ਸਿੰਘ ਸੋਢੀ, ਹਰਜੀਤ ਜਾਟਲੀ, ਡਾ. ਸ਼ਾਦੀ ਲਾਲ, ਰਾਜਕੁਮਾਰ ਸਬਰਵਾਲ, ਭੀਰਾ ਗੋਸਲ, ਰਾਜਵਿੰਦਰ ਸਿੰਘ ਕੌਲਗੜ੍ਹ, ਬਲਬੀਰ ਰਾਮ, ਮਨਜਿੰਦਰ ਮੋਹਨ, ਮਨੀ ਪਾਠਕ, ਟੋਨੀ ਬੰਗਾਲ, ਸਚਿਨ ਘਈ, ਅਰੁਣ ਕਈ, ਲਾਲੀ ਮੰਗਾ, ਵਰਿੰਦਰ, ਹਰੀਸ਼ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਜੀ ਔਰ ਦੇਸ਼ ਦੀ ਅਜ਼ਾਦੀ ਖ਼ਾਤਰ ਸ਼ਹੀਦ ਯੋਧਿਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੀ ਸਾਡਾ ਫ਼ਰਜ਼ ਖ਼ਤਮ ਨਹੀਂ ਹੋ ਜਾਂਦਾ ਬਲਕਿ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਨਾਲ ਹੀ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾ ਸਕਦਾ:- ਡਾਕਟਰ ਕਟਾਰੀਆ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਡੈਲੀਗੇਟ ਅਜਲਾਸ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ 31 ਮਾਰਚ ਦੇ ਸ਼ਹੀਦਾਂ ਸ਼ਹੀਦ-ਏ- ਆਜ਼ਮ ਸ਼ਹੀਦ ਭਗਤ ਸਿੰਘ ਜੀ, ਰਾਜਗੁਰੂ , ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਗੁਰੂਦਵਾਰਾ ਪਿੰਡ ਮਹਾਲੋਂ ਵਿਖੇ ਕਰਵਾਇਆ ਗਿਆ। ਅਜਲਾਸ ਦੀ ਸ਼ੁਰੂਆਤ ਮੁੱਖ ਆਗੂਆਂ ਵੱਲੋਂ ਐਸੋਸੀਏਸ਼ਨ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ। ਉਸ ਤੋਂ ਉਪਰੰਤ ਐਸੋਸੀਏਸ਼ਨ ਦੇ ਵਿੱਛੜੇ ਮੈਂਬਰਾਂ ਔਰ ਮੈਂਬਰਾਂ ਦੇ ਵਿੱਛੜੇ ਪਰਿਵਾਰਕ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ, ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ, ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਉਨ੍ਹਾਂ ਦੇ ਬੁੱਤਾਂ ਤੇ ਫੁੱਲ ਮਲਾਵਾਂ ਚਾੜ੍ਹਨ ਤੱਕ ਆਪਣਾ ਸੀਮਤ ਨਹੀਂ ਹੈ। ਸਗੋਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਦੇ ਨਾਲ ਨਾਲ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਕੇ ਹੀ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕਦਾ ਏ ਜਿਸ ਖਾਤਰ ਉਨ੍ਹਾਂ ਨੇ ਫਾਂਸੀ ਦੇ ਰੱਸਿਆਂ ਨੂੰ ਚੁਮਿਆਂ ਸੀ। ਅਜਲਾਸ ਦੌਰਾਨ ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਵਲੋਂ ਜ਼ਿਲੇ ਦੀ ਕਾਰਗੁਜ਼ਾਰੀ ਰਿਪੋਰਟ ਅਤੇ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ ਵਲੋਂ ਜ਼ਿਲੇ ਦੀ ਲੇਖਾ ਜੋਖਾ ਰਿਪੋਰਟ ਪੇਸ਼ ਕੀਤੀ ਗਈ ਜਿਸ ਨੂੰ ਬੜੀ ਹੀ ਗਰਮਾ ਗਰਮ, ਤਿੱਖੀ ਬਹਿਸ ਤੋਂ ਬਾਅਦ ਪਾਸ ਕੀਤਾ ਗਿਆ। ਇਸ ਤੋਂ ਉਪਰੰਤ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਦੀ ਦੇਖ ਰੇਖ ਹੇਠ ਜ਼ਿਲੇ ਦੀ ਪੁਰਾਣੀ ਕਮੇਟੀ ਭੰਗ ਕਰ ਕੇ ਸਰਬਸੰਮਤੀ ਨਾਲ ਨਵੀਂ ਕਮੇਟੀ ਚੁਣੀ ਗਈ ਜਿਸ ਵਿੱਚ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਨੂੰ ਜ਼ਿਲ੍ਹਾ ਚੇਅਰਮੈਨ, ਡਾਕਟਰ ਬਲਕਾਰ ਕਟਾਰੀਆ ਨੂੰ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਕਾਰਨ ਲਗਾਤਾਰ ਤੀਸਰੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਜਨਰਲ ਸਕੱਤਰ ਰਜਿੰਦਰ ਸਿੰਘ ਲੱਕੀ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਸੂਬਾ ਕਮੇਟੀ ਮੈਂਬਰ ਡਾਕਟਰ ਪ੍ਰੇਮ ਸਲੋਹ ਅਤੇ ਡਾਕਟਰ ਬਲਵੀਰ ਗਰਚਾ, ਜ਼ਿਲ੍ਹਾ ਵਾਇਸ ਪ੍ਰਧਾਨ ਡਾਕਟਰ ਜਗੀਰ ਸਿੰਘ, ਜ਼ਿਲ੍ਹਾ ਵਾਇਸ ਚੇਅਰਮੈਨ ਡਾਕਟਰ ਅਨੂੰਪਿੰਦਰ ਸਿੰਘ ਸੂੰਢ, ਜ਼ਿਲ੍ਹਾ ਵਾਇਸ ਕੈਸ਼ੀਅਰ ਡਾਕਟਰ ਸਤਨਾਮ ਸਿੰਘ ਬਜੀਦਪੁਰ, ਜ਼ਿਲ੍ਹਾ ਵਾਇਸ ਜਨਰਲ ਸਕੱਤਰ ਡਾਕਟਰ ਅਮ੍ਰਿਤ ਲਾਲ ਫਰਾਲਾ, ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ,ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਡਾਕਟਰ ਜਤਿੰਦਰ ਸਹਿਗਲ, ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਗੁਰਨਾਮ ਸਿੰਘ ਨੂੰ ਨਿਯੁਕਤ ਕੀਤਾ ਗਿਆ। ਅਜਲਾਸ ਵਿੱਚ ਸਾਰੇ ਬਲਾਕਾਂ ਦੇ ਡੈਲੀਗੇਟ ਮੈਂਬਰ ਸ਼ਾਮਲ ਹੋਏ ਜਿਨ੍ਹਾਂ ਵਿੱਚ ਬਲਾਕ ਬਹਿਰਾਮ ਤੋਂ ਡਾਕਟਰ ਸਤਨਾਮ ਜੌਹਲ, ਡਾਕਟਰ ਅਸ਼ੋਕ ਕੁਮਾਰ ਮੁਕੰਦਪੁਰ, ਡਾਕਟਰ ਹੁਸਨ ਲਾਲ, ਡਾਕਟਰ ਸੁਖਵਿੰਦਰ ਮੰਢਾਲੀ, ਬਲਾਕ ਨਵਾਂਸ਼ਹਿਰ ਤੋਂ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ, ਬਲਾਕ ਕੈਸ਼ੀਅਰ ਡਾਕਟਰ ਸੁਰਜੀਤ ਰਲ਼, ਬਲਾਕ ਜਨਰਲ ਸਕੱਤਰ ਡਾਕਟਰ ਇੰਦਰਜੀਤ ਸਲੋਹ, ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਏ ਬੀ ਅਰੌੜਾ, ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਰਾਮ ਕਪੂਰ, ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਸੰਤੋਖ ਬਾਲੀ, ਬਲਾਕ ਵਾਇਸ ਚੇਅਰਮੈਨ ਡਾਕਟਰ ਤਰਸੇਮ ਸਲੋਹ, ਬਲਾਕ ਜਾਡਲਾ ਤੋਂ ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਰਵਿੰਦਰ ਕੁਮਾਰ ਵਸ਼ਿਸ਼ਟ, ਡਾਕਟਰ ਨਿਰਮਲ ਸਿੰਘ, ਡਾਕਟਰ ਪ੍ਰਵੀਨ ਕੁਮਾਰ, ਕਾਠਗੜ੍ਹ ਬਲਾਕ ਤੋਂ ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਵਿਪਿਨ ਥੋਪੀਆ, ਡਾਕਟਰ ਸੁਰਜੀਤ ਭਰਥਲਾ, ਡਾਕਟਰ ਚਰਨਜੀਤ ਮੰਡ, ਬਲਾਕ ਬਲਾਚੌਰ ਤੋਂ ਬਲਾਕ ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ, ਡਾਕਟਰ ਰਣਧੀਰ ਸਿੰਘ, ਬਲਾਕ ਬੰਗਾ ਤੋਂ ਬਲਾਕ ਚੇਅਰਮੈਨ ਡਾਕਟਰ ਲੇਖ ਰਾਜ ਸੂੰਢ, ਡਾਕਟਰ ਸੀਤਾ ਰਾਮ, ਡਾਕਟਰ ਕੁਲਵਿੰਦਰ ਸੋਤਰਾਂ, ਬਲਾਕ ਰਾਹੋਂ ਤੋਂ ਡਾਕਟਰ ਜੁਗਿੰਦਰ ਸਿੰਘ, ਡਾਕਟਰ ਧਰਮਪਾਲ, ਡਾਕਟਰ ਰੰਜੀਤ ਸਿੰਘ , ਬਲਾਕ ਸੜੋਆ ਤੋਂ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ, ਬਲਾਕ ਸਕੱਤਰ ਡਾਕਟਰ ਸੁਰਿੰਦਰ ਨੌਰਦ, ਬਲਾਕ ਚੇਅਰਮੈਨ ਡਾਕਟਰ ਨਿਰਮਲ ਸਿੰਘ ਅਤੇ ਬਲਾਕ ਕੈਸ਼ੀਅਰ ਡਾਕਟਰ ਜਗਤਾਰ ਸਿੰਘ ਆਦਿ ਮੈਂਬਰ ਹਾਜ਼ਰ ਸਨ।





ਸਮਾਜ ਵੀਕਲੀ ਨਿਊਜ਼

for more news visit:
www.samajweekly.com

# ਨਸ਼ਿਆਂ ਤੋਂ ਦੂਰ ਰਹਿਣ ਲਈ ਦ੍ਰਿੜ ਨਿਸ਼ਚੇ ਕਰਨ ਦੀ ਲੋੜ : ਡਾ. ਰਣਜੀਤ ਹਰੀਸ਼

## 'ਨਸ਼ਿਆਂ ਨੂੰ ਕਹੋ ਨਾਂਹ' ਦਾ ਦਿੱਤਾ ਸੁਨੇਹਾ



**ਨਵਾਂਸ਼ਹਿਰ, 24 ਮਾਰਚ (ਮਨੋਰੰਜਨ ਕਾਲੀਆ ):** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ.ਐੱਚ.ਸੀ. ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਰਹਿਨੁਮਾਈ ਹੇਠ ਮਿੰਨੀ ਪੀ.ਐੱਚ.ਸੀ. ਜਾਡਲਾ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਤੋਂ ਬਚਾਅ ਸਬੰਧੀ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਮੌਕੇ ਮੈਡੀਕਲ ਅਫਸਰ ਡਾ. ਰਣਜੀਤ ਹਰੀਸ਼ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਲਈ ਦ੍ਰਿੜ ਨਿਸ਼ਚੇ ਕਰਨ ਦੀ ਅਪੀਲ ਕੀਤੀ। ਉਨ੍ਹਾਂ "ਨਸ਼ਿਆਂ ਨੂੰ ਕਹੋ ਨਾਂਹ" ਦਾ ਸੁਨੇਹਾ ਦਿੰਦਿਆਂ ਕਿਹਾ ਕਿ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਖੁਦ, ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਹਰ ਕਿਸਮ ਦੇ ਨਸ਼ਿਆਂ ਤੋਂ ਦੂਰ ਰੱਖਣ ਲਈ ਪ੍ਰੇਰਿਤ ਕਰੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਤ ਮਨੁੱਖ ਦੀ ਸਿਹਤ ਲਈ ਗੰਭੀਰ ਖਤਰਾ ਹੈ ਅਤੇ ਇਹ ਪਰਿਵਾਰ ਦੇ ਭਵਿੱਖ ਨੂੰ ਬਰਬਾਦ ਕਰ ਸਕਦੀ ਹੈ। ਨਸ਼ੇ ਦਾ ਆਦੀ ਵਿਅਕਤੀ ਆਰਥਿਕ ਤੌਰ 'ਤੇ ਕਮਜ਼ੋਰ ਹੋ ਜਾਂਦਾ ਹੈ ਅਤੇ ਸਮਾਜਿਕ ਤੌਰ 'ਤੇ ਵੀ ਹੀਣਭਾਵਨਾ ਦਾ ਸ਼ਿਕਾਰ ਬਣ ਕੇ ਮਾਨਸਿਕ ਤਣਾਅ ਦਾ ਸਾਹਮਣਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦਾ ਸਰੀਰ ਉੱਤੇ ਵੀ ਗੰਭੀਰ ਨਕਾਰਾਤਮਕ ਅਸਰ ਪੈਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਿਹਤ ਵਿਭਾਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਵਿਆਪਕ ਪੱਧਰ 'ਤੇ ਆਪਣਾ ਯੋਗਦਾਨ ਪਾ ਰਿਹਾ ਹੈ। ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ ਅਤੇ ਓ.ਟੀ. ਕੌਂਸਲਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ਼ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਹਰ ਵਰਗ ਦੇ ਲੋਕਾਂ ਨੂੰ ਆਪਣੇ ਤਨ-ਮਨ ਨਾਲ ਸ਼ਮੂਲੀਅਤ ਕਰਨੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਆਓ, ਅਸੀਂ ਸਾਰੇ ਮਿਲ ਕੇ ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਆਪਣਾ-ਆਪਣਾ ਯੋਗਦਾਨ ਪਾਈਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡੀਕਲ ਅਫਸਰ ਡਾ. ਮਦਨ ਲਾਲ, ਮਨਦੀਪ ਸਿੰਘ ਕਾਹਲੋਂ, ਏ.ਐੱਨ.ਐੱਮ. ਸੁਮਨ ਸ਼ਰਮਾ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸ਼ਹੀਦ ਭਗਤ ਸਿੰਘ ਅਤੇ ਓਹਨਾ ਦੇ ਸਾਥੀਆਂ ਨੂੰ ਸਮਰਪਿਤ ਖਟਕੜਕਲਾਂ ਵਿਖੇ ਕਿਤਾਬਾਂ ਦਾ ਸਟਾਲ ਲਗਾਇਆ



**ਬੰਗਾ( ਚਰਨਜੀਤ ਸੱਲ੍ਹਾਂ )** ਸ਼ਹੀਦ ਭਗਤ ਸਿੰਘ ਜੀ ਅਤੇ ਓਹਨਾ ਦੇ ਸਾਥੀਆਂ ਨੂੰ ਸਮਰਪਿਤ 22 ਤਰੀਕ ਰਾਤ ਨੂੰ ਪਿੰਡ ਖਟਕੜ ਕਲਾਂ ਪਿੰਡ ਵਿੱਚ ਸ਼ਹੀਦੀ ਯਾਦਗਾਰ ਕਮੇਟੀ ਬੰਗਾ ਵਲੋਂ ਇਨਕਲਾਬੀ ਨਾਟਕ ਸੀਸ ਤਲੀ ਤੇ ਕਰਵਾਇਆ ਗਿਆ , ਸ਼ੁਰਾਅਤ ਤੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਵਲੋਂ ਆਪਣਾ ਪ੍ਰੋਗਰਾਮ ਪੇਸ਼ ਕੀਤਾ ਗਿਆ ,ਹੋਰ ਵੀ ਸਾਥੀ ਵਲੋਂ ਹਾਜਰੀ ਲਗਵਾਈ ਗਈ । ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਵਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ। ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂ ਡਾ. ਜੋਗਿੰਦਰ ਕੂਲੇਵਾਲ ਜੀ ਨੇ ਪਰਿਵਾਰ ਸਮੇਤ ਹਾਜਰੀ ਲਗਵਾਈ । ਸੁਖਵਿੰਦਰ ਲੰਗੇਰੀ ਵਲੋਂ ਲਗਾਏ ਗਏ ਕਿਤਾਬਾਂ ਦੇ ਸਟਾਲ ਤੋਂ ਸਾਥੀਆਂ ਨੇ ਸਾਹਿਤ ਵੀ ਖਰੀਦਿਆ। ਯਾਦਗਾਰ ਕਮੇਟੀ ਜਲੰਧਰ ਦੇ ਆਗੂ ਅਮੋਲਕ ਸਿੰਘ ਜੀ ਵਲੋਂ ਆਪਣੇ ਵਿਚਾਰ ਸਾਥੀਆਂ ਨਾਲ ਸਾਂਝੇ ਕੀਤੇ ਗਏ। 23 ਤਰੀਕ ਨੂੰ ਸੁਖਵਿੰਦਰ ਲੰਗੇਰੀ ਅਤੇ ਤਰਕਸ਼ੀਲ ਇਕਾਈ ਬੰਗਾ ਵਲੋਂ ਬੁੱਕ ਸਟਾਲ ਲਗਾ ਕੇ ਭਗਤ ਸਿੰਘ ਅਤੇ ਓਹਨਾ ਦੇ ਸਾਥੀਆਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ ।ਇਸ ਮੌਕੇ ਕਾਮਰੇਡ ਬੂਟਾ ਮਹਿਮੂਦਪੁਰ, ਤਰਕਸ਼ੀਲ ਆਗੂ ਕੁਲਵਿੰਦਰ ਖਟਕੜ,ਸਤਨਾਮ ਖਟਕੜ, ਮਾਸਟਰ ਸੁਰੇਸ਼,ਹਰਜਿੰਦਰ ,ਬਲਜੀਤ ਖਟਕੜ ਪਰਿਵਾਰ ਸਮੇਤ ਹਾਜਿਰ ਰਹੇ।

for more news visit:
www.samajweekly.com

# ਗੁਜਰਾਤ ਦੇ ਰਾਜਪਾਲ ਆਚਾਰਿਆ ਦੇਵਵ੍ਰਤ ਨਾਲ ਮੀਡੀਆ ਕਾਉਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਦੀ ਮੁਲਾਕਾਤ,ਪੱਤਰਕਾਰਤਾ ਤੇ ਪ੍ਰਾਕ੍ਰਿਤਿਕ ਖੇਤੀ 'ਤੇ ਵਿਸਥਾਰ ਨਾਲ ਚਰਚਾ



**ਰੋਹਤਕ, 24 ਮਾਰਚ। ਗੁਰਭਿੰਦਰ ਗੁਰੀ** ਗੁਜਰਾਤ ਦੇ ਰਾਜਪਾਲ, ਮਹਾਮਹਿਮ ਆਚਾਰਿਆ ਦੇਵਵ੍ਰਤ ਜੀ ਨਾਲ ਮੀਡੀਆ ਕਾਉਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਦੀ ਇੱਕ ਮਹੱਤਵਪੂਰਨ ਮੁਲਾਕਾਤ ਹੋਈ। ਇਸ ਮੌਕੇ ਪੱਤਰਕਾਰਤਾ ਨਾਲ ਜੁੜੇ ਮੌਜੂਦਾ ਮੁੱਦਿਆਂ, ਪੱਤਰਕਾਰਾਂ ਦੇ ਅਧਿਕਾਰਾਂ ਅਤੇ ਸਮਾਜ ਵਿੱਚ ਮੀਡੀਆ ਦੀ ਭੂਮਿਕਾ ਦੇ ਨਾਲ-ਨਾਲ ਗਉ-ਸੰਵਰਧਨ ਅਤੇ ਪ੍ਰਾਕ੍ਰਿਤਿਕ/ਜੈਵਿਕ ਖੇਤੀ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਵੀ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਸੰਜੇ ਰਾਠੀ ਨੇ ਮੀਡੀਆ ਕਾਉਂਸਲ ਆਫ ਜਰਨਲਿਸਟਸ ਦੀਆਂ ਗਤੀਵਿਧੀਆਂ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸੰਸਥਾ ਦੇਸ਼ ਭਰ ਦੇ ਪੱਤਰਕਾਰਾਂ ਦੇ ਹਿੱਤਾਂ ਦੀ ਰੱਖਿਆ, ਉਨ੍ਹਾਂ ਦੀ ਸੁਰੱਖਿਆ ਅਤੇ ਸਮਾਜਿਕ ਤੇ ਆਰਥਿਕ ਮਜ਼ਬੂਤੀ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅੱਜ ਦੇ ਸਮੇਂ ਵਿੱਚ ਨਿਰਪੱਖ ਅਤੇ ਜ਼ਿੰਮੇਵਾਰ ਪੱਤਰਕਾਰਤਾ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਗਉ-ਆਧਾਰਿਤ ਪ੍ਰਾਕ੍ਰਿਤਿਕ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕਿਸਾਨਾਂ ਦੀ ਲਾਗਤ ਘਟਾਉਂਦੀ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨਾਲ ਨਾਲ ਪਰਿਆਵਰਣ ਸੰਤੁਲਨ ਨੂੰ ਵੀ ਮਜ਼ਬੂਤ ਕਰਦੀ ਹੈ। ਉਨ੍ਹਾਂ ਨੇ ਮੀਡੀਆ ਦੀ ਭੂਮਿਕਾ ਨੂੰ ਮਹੱਤਵਪੂਰਨ ਦੱਸਦਿਆਂ ਕਿਹਾ ਕਿ ਇਸ ਵਿਸ਼ੇ 'ਤੇ ਜਨ-ਜਾਗਰੂਕਤਾ ਵਧਾਉਣਾ ਸਮੇਂ ਦੀ ਲੋੜ ਹੈ। ਮਹਾਮਹਿਮ ਆਚਾਰਿਆ ਦੇਵਵ੍ਰਤ ਜੀ ਨੇ ਕਿਹਾ ਕਿ ਗਉ-ਸੰਵਰਧਨ, ਜੈਵਿਕ ਖੇਤੀ ਅਤੇ ਪ੍ਰਾਕ੍ਰਿਤਿਕ ਖੇਤੀ ਪ੍ਰਣਾਲੀ ਦੇਸ਼ ਦੇ ਕਿਸਾਨਾਂ ਲਈ ਇੱਕ ਮਜ਼ਬੂਤ ਵਿਕਲਪ ਵਜੋਂ ਉਭਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਰਸਾਇਣ-ਮੁਕਤ ਖੇਤੀ ਨਾਲ ਨਾ ਸਿਰਫ਼ ਸਿਹਤ ਵਿੱਚ ਸੁਧਾਰ ਹੁੰਦਾ ਹੈ, ਬਲਕਿ ਜ਼ਮੀਨ ਦੀ ਗੁਣਵੱਤਾ ਵੀ ਲੰਬੇ ਸਮੇਂ ਲਈ ਸੁਰੱਖਿਅਤ ਰਹਿੰਦੀ ਹੈ। ਉਨ੍ਹਾਂ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਕਾਰਾਤਮਕ ਪਹਿਲਾਂ ਨੂੰ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏ। ਉਨ੍ਹਾਂ ਨੇ ਅੱਗੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਸਤੰਭ ਹੈ ਅਤੇ ਇਸਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜ ਨੂੰ ਸਹੀ ਦਿਸ਼ਾ ਦੇਵੇ। ਪੱਤਰਕਾਰਾਂ ਨੂੰ ਸੱਚਾਈ, ਨਿਰਪੱਖਤਾ ਅਤੇ ਨੈਤਿਕ ਮੁੱਲਾਂ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਪੱਤਰਕਾਰ ਰਾਜਬੀਰ ਰਾਜਿਆਂ ਸਮੇਤ ਹੋਰ ਕਈ ਪੱਤਰਕਾਰ ਵੀ ਮੌਜੂਦ ਸਨ।

## ਸਦਾ ਬਹਾਰ



ਧੀਏ ਨੀ ਪੰਜਾਬ ਦੀਏ ,
ਗਿੱਧੇ ਦਾ ਸ਼ਿੰਗਾਰ ਤੂੰ ।
ਅਪਣਿਆਂ ਦੀ ਜਿੰਦ ਜਾਨ,
ਵੈਰੀ ਲਈ ਕਟਾਰ ਤੂੰ ।
ਤੂੰ ਫੁੱਲਾਂ ਵਾਂਗੂੰ ਖਿੜੀ ਰਹੇਂ ,
ਪੱਤਝੜਾਂ ਦੇ ਵਿੱਚ ਵੀ ;
ਪਿੰਡ ਰੰਚਣਾਂ ਨੂੰ ਜਾਪੇਂ ,
ਸਦਾ ਲਈ ਬਹਾਰ ਤੂੰ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ : 9914836037

## ਗ਼ਜ਼ਲ

ਅੱਖੀਆਂ ਲਾ ਕੇ ਫੇਰ ਕਦੇ ਪਛਤਾਉਂਦੇ ਨਾ,
ਲੱਗੀਆਂ ਵਾਲੇ ਦਿਲ ਦਾ ਭੇਦ ਛੁਪਾਉਂਦੇ ਨਾ।

ਵੱਡੇ ਨੀ ਸੀ ਹੋਣੇ ਜਿਗਰੇ ਚੋਰਾਂ ਦੇ,
ਹੱਥ ਜੇ ਹਾਕਮ ਚੋਰਾਂ ਨਾਲ ਮਿਲਾਉਂਦੇ ਨਾ।

ਸਬਰ ਸ਼ੁਕਰ ਦੇ ਗੁਣ ਹਿਰਦੇ ਵਿਚ ਹੋਵਣ ਜੇ,
ਚੁਸਤ ਚਲਾਕੀ ਕਰਕੇ ਕਦਰ ਗਵਾਉਂਦੇ ਨਾ।

ਲੁੱਟ ਨਹੀਂ ਸੀ ਰੁਕਣੀ ਹੋਣੋਂ ਕਿਰਤੀ ਦੀ,
ਕੱਠੇ ਹੋ ਕੇ ਜਦ ਤਕ ਢੋਲ ਵਜਾਉਂਦੇ ਨਾ।

ਮਰਨੋਂ ਤਾਂ ਬਚ ਜਾਂਦੇ ਜੋਬਨ ਰੁੱਤੇ ਉਹ,
ਨਸ਼ਿਆਂ ਦਾ ਜੇ ਨੇਤਾ ਵਣਜ ਚਲਾਉਂਦੇ ਨਾ।

ਇਸ ਵਾਰੀ ਕਿਰਦਾਰ ਛੁਪਾ ਨੀ ਸੀ ਹੋਣੇ,
ਵੋਟਰ ਨੂੰ ਦੇ ਲਾਲਚ ਜੇ ਭਰਮਾਉਂਦੇ ਨਾ।

ਲੇਖਕ ਵੀ ਜੇ ਹੋਣ ਵਿਕਾਊ 'ਹੋਸ਼ੀ' ਤਾਂ,
ਹੁੱਜ ਕਲਮ ਦੀ ਜਗ ਨੂੰ ਮਾਰ ਜਗਾਉਂਦੇ ਨਾ।



ਪਵਨ ਕੁਮਾਰ ਹੋਸ਼ੀ

## ਵਿਆਹ ਦੀ ਵਰ੍ਹੇਗੰਢ 'ਤੇ ਬਲਜੀਤ ਸਿੰਘ ਬਾਂਸਲ ਧੂਰੀ ਦੇ ਜਜ਼ਬਾਤ



ਮੈਨੂੰ ਅੱਜ ਦਾ ਦਿਨ ਕੁੱਝ ਨਿਆਰਾ ਨਿਆਰਾ ਲਗਦਾ ਹੈ।
ਤੇਰਾ ਸੋਹਣਾ ਮੁਖੜਾ ਜਾਨ ਤੋਂ ਪਿਆਰਾ ਲਗਦਾ ਹੈ ।
ਚੇਤੇ ਕਰ ਕਰਕੇ ਸਨ ਛਿਅੱਨਵੇਂ ਦੇ ਚੌਵੀ ਮਾਰਚ ਨੂੰ ;
ਮੈਨੂੰ ਅੱਜ ਵੀ ਤੇਰਾ ਹੁਸਨ ਕੁਆਰਾ ਲਗਦਾ ਹੈ ।
ਮੇਰਾ ਤਨ ਮਨ ਜਦੋਂ ਕਦੇ ਵੀ ਮੈਨੂੰ ਥਿੜਕਦਾ ਜਾਪਦਾ ਏ;
ਮੈਨੂੰ ਤੇਰਾ ਰੱਬ ਨਾਲੋਂ ਵੀ ਵੱਧ ਸਹਾਰਾ ਲਗਦਾ ਹੈ ।
ਪੀਂਘ ਜਦੋਂ ਕਦੇ ਵੀ ਪੈਂਦੀ ਐ ਸੱਤਰੰਗੀ ਅੰਬਰ 'ਤੇ ;
ਜਿਵੇਂ ਤੇਰੇ ਨੱਕ ਦੇ ਕੋਕੇ ਦਾ ਲਿਸ਼ਕਾਰਾ ਲਗਦਾ ਹੈ ।
ਨਾ ਤੀਹ ਸਾਲਾਂ ਵਿੱਚ ਫਿੱਕਾ ਪਿਆ ਨਾ ਅੱਗੋਂ ਪੈਣਾ ਏਂ ;
ਰੰਗ ਚੜ੍ਹਦੇ ਸੂਰਜ ਕੋਲੋਂ ਲਿਆ ਉਧਾਰਾ ਲਗਦਾ ਹੈ ।
ਤੈਥੋਂ ਪਹਿਲਾਂ ਕੀ ਸੀ ਤੇਰੇ ਨਾਲ਼ ਕੀ ਤੋਂ ਕੀ ਹੋ ਗਿਆ ਹਾਂ ;
ਕਦੇ ਇੱਕ ਤਾਰਾ ਹੁੰਦਾ ਸੀ ਹੁਣ ਦੋਤਾਰਾ ਲਗਦਾ ਹੈ ।
ਤੇਰੇ ਨੈਣ ਨਕਸ਼ ਹੀ ਦਿਸਦੇ ਨੇ ਜਦ ਧੀਆਂ ਪੁੱਤਰਾਂ 'ਚੋਂ ;
ਮੈਨੂੰ ਇੱਕ ਤੇਰੇ ਕਰਕੇ ਜੀਵਨ ਸੁਰਗ ਨਜ਼ਾਰਾ ਲਗਦਾ ਹੈ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

## ਵਾਟ ਲਮੇਰੀ

ਇੱਕ-ਇੱਕ ਕਰ ਕੇ ਘਟਦੇ ਜਾਂਦੇ, ਗਾਨੀ ਤੇਰੀ ਦੇ ਮਣਕੇ।
ਵਾਰ-ਵਾਰ ਸੁਨੇਹੇ ਮਿਲਦੇ, ਤਾਂ ਵੀ ਮੱਥਾ ਤੇਰਾ ਨਾ ਠਣਕੇ।
ਕੀ ਪਤਾ ਕਦ ਟੁੱਟ ਜਾਣੀ, ਹਾਇ ਡੋਰ ਇਹ ਸਾਹਾਂ ਦੀ।
ਮੁੱਕ ਜਾਣੀ ਓਦੋਂ ਵਾਟ ਲਮੇਰੀ, ਉਮਰੋਂ ਲੰਮੇ ਰਾਹਾਂ ਦੀ।
ਜ਼ੋਰ ਜਵਾਨੀ ਬੜ੍ਹਕਾਂ ਮਾਰੇ, ਧੌਣ ਅਕੜਾ ਕੇ ਤੁਰਦਾ।
ਆਕੜ ਪੱਲੇ ਰਹਿ ਜਾਣੀ, ਜਦ ਹੋ ਜਾਣਾ ਏ ਮੁਰਦਾ।
ਕਿਸੇ ਕੰਮ ਦੀ ਰਹਿਣੀ ਨਾ, ਤੇਰੀ ਤਾਕਤ ਬਾਹਾਂ ਦੀ।
ਮੁੱਕ ਜਾਣੀ ਜਦ ਵਾਟ ਲਮੇਰੀ, ਉਮਰੋਂ ਲੰਮੇ ਰਾਹਾਂ ਦੀ।
ਤਾਸੀਰ, ਸੁਭਾਅ,ਲਕੀਰਾਂ ਹੁੰਦੇ ਵੱਖ ਨੇ ਹਰ ਕਿਸੇ ਦੇ।
ਮੌਤ ਦੇ ਪੰਜੇ ਕੋਲੋਂ ਬਚਣਾ, ਹੁੰਦਾ ਵੱਸ ਨਾ ਪਰ ਕਿਸੇ ਦੇ।
ਕੋਈ ਫ਼ਰਕ ਨੀ, ਬਾਦੀ ਜਾਂ ਸੁਆਦੀ ਦਾਲ ਮਾਹਾਂ ਦੀ।
ਮੁੱਕ ਜਾਣੀ ਤੇਰੀ ਵਾਟ ਲਮੇਰੀ, ਉਮਰੋਂ ਲੰਮੇ ਰਾਹਾਂ ਦੀ।
ਕਿਸੇ ਦੇ ਲਈ ਚੰਗਾ 'ਗੁਰਜਿੰਦਰ', ਕਿਸੇ ਲਈ ਮਾੜਾ ਏ।
ਭਲਾ ਹੋਵੇ ਉਸ ਦਾ ਵੀ, ਰੱਖਦਾ ਜੋ ਚਿੱਤ ਵਿੱਚ ਸਾੜਾ ਏ।
ਛੱਡ ਕੇ ਦੁਨੀਆਦਾਰੀ ਸੋਚੀਏ, ਕੋਈ ਗੱਲ 'ਗਾਹਾਂ ਦੀ।
ਮੁੱਕ ਜਾਣੀ ਸੱਜਣਾ ਵਾਟ ਲਮੇਰੀ, ਉਮਰੋਂ ਲੰਮੇ ਰਾਹਾਂ ਦੀ।

ਗੁਰਜਿੰਦਰ ਸਿੰਘ
ਸਾਹਦੜਾ
9815302341





# ਰਾਏਕੋਟ ਵਿੱਚ ਸੀਐਮ ਯੋਗਸ਼ਾਲਾ ਨੂੰ ਦੋ ਸਾਲ ਹੋਏ ਪੂਰੇ

## ਲੋਕਾਂ ਨੂੰ ਤੰਦਰੁਸਤ ਰੱਖਣ ਤੇ ਬਿਮਾਰੀਆਂ ਤੋਂ ਬਚਾਉਣ ਦਾ ਚੰਗਾ ਉਪਰਾਲਾ – ਅਵਤਾਰ ਸਿੰਘ







**ਰਾਏਕੋਟ, 24 ਮਾਰਚ ਗੁਰਭਿੰਦਰ ਗੁਰੀ** ਰਾਏਕੋਟ ਬਲਾਕ ਦੇ ਵਿੱਚ ਸੀਐਮ ਯੋਗਸ਼ਾਲਾ ਨੂੰ ਅੱਜ ਦੋ ਸਾਲ ਪੂਰੇ ਹੋ ਗਏ ਹਨ। ਪੰਜਾਬ ਸਰਕਾਰ ਦਾ ਇਹ ਨਵੇਕਲਾ ਉਪਰਾਲਾ ਹੈ ਇਸ ਨਾਲ ਜਿੱਥੇ ਪੰਜਾਬ ਦੇ ਲੋਕਾਂ ਨੂੰ ਯੋਗਾ ਨਾਲ ਜੋੜ ਕੇ ਉਹਨਾਂ ਨੂੰ ਤੰਦਰੁਸਤ ਰੱਖਣ ਤੇ ਬਿਮਾਰੀਆਂ ਤੋਂ ਬਚਾਉਣ ਦੀ ਚੰਗੀ ਕੋਸ਼ਿਸ਼ ਹੈ ਉੱਥੇ ਹਜ਼ਾਰਾਂ ਯੋਗਾ ਟਰੇਨਰਾਂ ਨੂੰ ਰੁਜ਼ਗਾਰ ਵੀ ਮਿਲਿਆ ਹੈ। ਅੱਜ ਇਸ ਮੌਕੇ ਯੋਗਾ ਇੰਸਟਰਕਟਰ ਅਵਤਾਰ ਸਿੰਘ ਨੇ ਲੋਕਾਂ ਨੂੰ ਯੋਗਾ ਦੇ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਇਸ ਸਮੇਂ ਰਾਏਕੋਟ ਸ਼ਹਿਰ ਵਿੱਚ ਵੱਖ ਵੱਖ ਜਗ੍ਹਾ 'ਤੇ ਕਲਾਸਾਂ ਚੱਲ ਰਹੀਆਂ ਹਨ ਜਿਹਨਾਂ ਦਾ ਲੋਕ ਚੰਗਾ ਲਾਭ ਉਠਾ ਰਹੇ ਹਨ। ਇਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਅ ਹੋ ਜਾਂਦਾ ਹੈ, ਇਹ ਦਿਲ ਦੇ ਰੋਗਾਂ, ਸੂਗਰ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖਦਾ ਹੈ। ਇਸ ਮੌਕੇ ਆਰ ਜੀ ਰਾਏਕੋਟੀ ਨੇ ਆਪਣੇ ਸੰਬੋਧਨ ਵਿੱਚ ਯੋਗਸ਼ਾਲਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਯੋਗਾ ਟ੍ਰੇਨਰ ਅਵਤਾਰ ਸਿੰਘ ਪੂਰੀ ਤਨਦੇਹੀ ਨਾਲ ਲੋਕਾਂ ਨੂੰ ਯੋਗਾ ਨਾਲ ਜੋੜ ਰਹੇ ਹਨ। ਉਹ ਹਰ ਰੋਜ਼ ਸਵੇਰੇ ਪੂਰੀ ਸਿੱਦਤ ਅਤੇ ਮੇਹਨਤ ਨਾਲ ਲੋਕਾਂ ਨੂੰ ਯੋਗ ਸਿਖਾ ਰਹੇ ਹਨ। ਇਸ ਮੌਕੇ ਡਾਕਟਰ ਅਸ਼ੋਕ ਕੁਮਾਰ ਨੇ ਕਿਹਾ ਕਿ ਹਰ ਨਾਗਰਿਕ ਨੂੰ ਇਹਨਾਂ ਯੋਗਾ ਕਲਾਸਾਂ ਦਾ ਲਾਹਾ ਲੈਣਾ ਚਾਹੀਦਾ ਹੈ ਕਿਉਂਕਿ ਸਰੀਰ ਨੂੰ ਤੰਦਰੁਸਤ ਅਤੇ ਬਿਮਾਰੀਆਂ ਤੋਂ ਦੂਰ ਰੱਖਣ ਦਾ ਯੋਗਾ ਸਭ ਤੋਂ ਉੱਤਮ ਸਾਧਨ ਹੈ। ਇਸ ਮੌਕੇ ਮੁਖਲਰਾਜ, ਸੁਰਜੀਤ ਸਿੰਘ ਮਨੈਜਰ, ਚਮਨ ਲਾਲ, ਚਮਨ ਸਿੰਘ, ਆਦਰਸ਼ ਭਾਰਦਵਾਜ, ਸੰਜੀਵ ਹੈਪੀ, ਕੀਮਤੀ ਲਾਲ ਜੈਨ, ਬੋਬੀ, ਪਰਮਜੀਤ ਸਿੰਘ ਥਾਣੇਦਾਰ, ਡਾਕਟਰ ਹਰੀਸ਼ ਜੈਨ ਰਾਜੇਸ਼ ਕੌੜਾ ਆਦਿ ਹਾਜ਼ਰ ਸਨ।

## ਪ੍ਰਭਸਿਮਰਨ ਕੋਰ ਚਾਹਲ ਨੇ ਚਾਂਦੀ ਦਾ ਤਗਮਾ ਜਿੱਤ ਕੇ ਨਵਾਂਸ਼ਹਿਰ ਜਿਲ੍ਹੇਂ ਦਾ ਨਾ ਰੋਸ਼ਨ ਕੀਤਾ ਪ੍ਰਭਸਿਮਰਨ ਕੌਰ ਚਾਹਲ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਤਾਂ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਇਲਾਕੇ ਪਿੰਡ ਧੌਲਾਂ ਦੀ ਧੀ ਨੇ ਖੇਡਾਂ ਵਿੱਚ ਆਪਣੀ ਜਿੱਤ ਦੇ ਝੰਡੇ ਗੱਡੇ ਬਲਾਚੌਰ ਦੇ ਪਿੰਡ ਧੌਲਾਂ ਤੋਂ ਸਤਨਾਮ ਚਾਹਲ ਪੱਤਰਕਾਰ ਦੀ ਪੁੱਤਰੀ ਪ੍ਰਭਸਿਮਰਨ ਕੌਰ ਨੇ ਅੰਡਰ 20 ਪੰਜਾਬ ਸਟੇਟ ਓਪਨ ਐਥਲੈਟਿਕਸ ਚੈਂਪੀਅਨਸ਼ਿਪ ਤਹਿਤ ਸੰਗਰੂਰ ਵਿਖੇ ਹੋਏ ਮੁਕਾਬਲਿਆਂ ਵਿੱਚ, ਟ੍ਰਿਪਲ ਜੰਪ ਵਿੱਚ ਚਾਂਦੀ ਦਾ ਤਗਮਾ ਹਾਸਿਲ ਕਰਕੇ ਆਪਣੀ ਜਿੱਤ ਦੇ ਝੰਡੇ ਗੱਡੇ ਹਨ। ਜ਼ਿਕਰਯੋਗ ਹੈ ਕਿ ਪ੍ਰਭਸਿਮਰਨ ਕੌਰ ਮਾਊਂਟ ਕਾਰਮਲ ਸਕੂਲ ਬਲਾਚੌਰ ਦੀ 10+2 ਮੈਡੀਕਲ ਦੀ ਵਿਦਿਆਰਥਣ ਹੈ ਅਤੇ ਆਪਣੇ ਕੋਚ ਕੀਰਤ ਔਲਖ ਦੀ ਰਹਿਨੁਮਾਈ ਹੇਠ ਸਪੋਰਟਸ ਅਕੈਡਮੀ ਬਲਾਚੌਰ ਵਿਖੇ ਲਗਭਗ ਪਿਛਲੇ ਦੋ ਸਾਲ ਤੋਂ ਲਗਾਤਾਰ ਪ੍ਰੈਕਟਿਸ ਕਰ ਰਹੀ ਹੈ। ਪਹਿਲਾਂ ਵੀ ਪ੍ਰਭਸਿਮਰਨ ਆਈ ਸੀ ਐਸ ਈ ਦੇ ਰੀਜਨਲ ਪੱਧਰ ਦੇ ਮੁਕਾਬਲਿਆਂ ਵਿੱਚ ਸੋਨੇ ਦਾ ਤਗਮਾ ਅਤੇ ਆਈ ਸੀ ਐਸ ਈ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਚਾਂਦੀ ਦਾ ਤਗਮਾ ਹਾਸਲ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਚੁੱਕੀ ਹੈ ਅਤੇ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ (2025) ਲਈ ਸਿਲੈਕਟ ਵੀ ਹੋ ਚੁੱਕੀ ਹੈ।



ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਵੱਡੇ ਸੁਪਨੇ ਸਿਰਜੀ ਬੈਠੀ ਹੈ ਅਤੇ ਆਰਮੀ ਵਿੱਚ ਸੇਵਾਵਾਂ ਦੇ ਕੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨਾ ਚਾਹੁੰਦੀ ਹੈ। ਉਸ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਲੈ ਕੇ ਆਉਣ ਵਿੱਚ ਮਾਊਂਟ ਕਾਰਮਲ ਸਕੂਲ ਦੀ ਸਮੁੱਚੀ ਮੈਨੇਜਮੈਂਟ ਦਾ ਪੂਰਾ ਸਹਿਯੋਗ ਹੈ। ਪ੍ਰਭਸਿਮਰਨ ਦੀ ਇਸ ਜਿੱਤ 'ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਭਸਿਮਰਨ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਉਸਦੇ ਮਾਤਾ ਪ੍ਰਭਜੋਤ ਕੌਰ, ਦਾਦਾ ਜੀ ਹਰਜਿੰਦਰ ਸਿੰਘ ਅਤੇ ਦਾਦੀ ਜੀ ਦਲਜੀਤ ਕੌਰ ਦਾ ਵਡਮੁੱਲਾ ਯੋਗਦਾਨ ਹੈ। ਸ਼ਾਲਾ ! ਪ੍ਰਭਸਿਮਰਨ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਸਫਲ ਹੋਵੇ ਅਤੇ ਬੁਲੰਦੀਆਂ ਨੂੰ ਛੂਹਵੇ ਪ੍ਰਭਸਿਮਰਨ ਆਪਣੀ ਇਸ ਕਾਮਯਾਬੀ ਦਾ ਸਿਹਰਾ ਆਪਣੇ ਕੋਚ ਤੇ ਗੁਰੂ ਕੀਰਤ ਔਲਖ ਨੂੰ ਦਿੰਦੀ ਹੈ

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ

**ਨਵਾਂ ਸ਼ਹਿਰ,/ ਬੰਗਾ ( ਜਤਿੰਦਰ ਪਾਲ ਸਿੰਘ ਕਲੇਰ )** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ. 295) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਦੇਸ਼ ਦੇ ਮਹਾਨ ਸ਼ਹੀਦ ਭਗਤ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜ਼ਿਲ੍ਹਾ ਪ੍ਰਧਾਨ ਡਾਕਟਰ ਕਸ਼ਮੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਸ਼ਹੀਦ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਪਹੁੰਚ ਕੇ ਸ਼ਹੀਦੀ ਯਾਦਗਾਰ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਢਿੱਲੋਂ ਅਤੇ ਹੋਰ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਤਾਰ ਵਿੱਚ ਚਾਨਣਾ ਪਾਇਆ। ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ "ਸ਼ਹੀਦੋ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ" ਦੇ ਅਕਾਸ਼ ਗੁੰਜਾਊ ਨਾਅਰੇ ਲਗਾਏ ਗਏ ਅਤੇ ਪ੍ਰਣ ਕੀਤਾ ਗਿਆ ਕਿ ਉਹ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਹਮੇਸ਼ਾ ਤਤਪਰ ਰਹਿਣਗੇ। ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਭਾਰਤੀ ਆਜ਼ਾਦੀ ਸੰਗਰਾਮ ਦਾ ਸਭ ਤੋਂ ਅਹਿਮ ਅਤੇ ਪ੍ਰੇਰਨਾਦਾਇਕ ਅਧਿਆਇ ਹੈ। ਸ਼ਹੀਦ ਭਗਤ ਸਿੰਘ, ਰਾਜਗੁਰੂ



ਅਤੇ ਸੁਖਦੇਵ ਨੂੰ 23 ਮਾਰਚ 1931 ਨੂੰ ਸ਼ਾਮੀਂ 7:33 ਵਜੇ ਫਾਂਸੀ ਦਿੱਤੀ ਗਈ ਸੀ। ਨਿਯਮਾਂ ਅਨੁਸਾਰ ਫਾਂਸੀ 24 ਮਾਰਚ ਦੀ ਸਵੇਰ ਨੂੰ ਹੋਣੀ ਸੀ, ਪਰ ਜਨਤਾ ਦੇ ਰੋਸ ਤੋਂ ਡਰਦਿਆਂ ਅੰਗਰੇਜ਼ ਸਰਕਾਰ ਨੇ 11 ਘੰਟੇ ਪਹਿਲਾਂ ਹੀ ਗੁਪਤ ਰੂਪ ਵਿੱਚ ਫਾਂਸੀ ਦੇ ਦਿੱਤੀ। ਇਹ ਫਾਂਸੀ ਲਾਹੌਰ ਸੈਂਟਰਲ ਜੇਲ੍ਹ ਹੁਣ ਪਾਕਿਸਤਾਨ ਵਿੱਚ ਦਿੱਤੀ ਗਈ।1928 ਵਿੱਚ ਲਾਲਾ ਲਾਜਪਤ ਰਾਏ ਜੀ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਅੰਗਰੇਜ਼ ਅਫ਼ਸਰ ਜੇ.ਪੀ. ਸਾਂਡਰਸ ਨੂੰ ਗੋਲੀ ਮਾਰ ਦਿੱਤੀ ਸੀ। 8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਨੇ ਦਿੱਲੀ ਦੀ ਸੈਂਟਰਲ ਅਸੈਂਬਲੀ ਵਿੱਚ 'ਬੋਲ਼ੇ ਅੰਗਰੇਜ਼ਾਂ ਨੂੰ ਸੁਣਾਉਣ ਲਈ' ਨੁਕਸਾਨ ਨਾ ਪਹੁੰਚਾਉਣ ਵਾਲੇ ਬੰਬ ਸੁੱਟੇ ਅਤੇ ਆਪਣੀ ਗ੍ਰਿਫ਼ਤਾਰੀ ਦਿੱਤੀ। ਭਗਤ ਸਿੰਘ ਦਾ ਮਕਸਦ ਸਿਰਫ਼ ਅੰਗਰੇਜ਼ਾਂ ਨੂੰ ਕੱਢਣਾ ਹੀ ਨਹੀਂ ਸੀ, ਸਗੋਂ ਉਹ ਇੱਕ ਅਜਿਹਾ ਸਮਾਜ ਚਾਹੁੰਦੇ ਸਨ ਜਿੱਥੇ "ਮਨੁੱਖ ਹੱਥੋਂ ਮਨੁੱਖ ਦੀ ਲੁੱਟ" ਬੰਦ ਹੋਵੇ। ਉਨ੍ਹਾਂ ਦੀ ਸ਼ਹਾਦਤ ਨੇ ਪੂਰੇ ਦੇਸ਼ ਵਿੱਚ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰ ਦਿੱਤਾ। ਮੌਕੇ ਤੇ ਡਾ ਦਿਲਦਾਰ ਸਿੰਘ ਚਾਹਲ ਉਪ ਸੂਬਾ ਪ੍ਰਧਾਨ, ਜਿਲ੍ਹਾ ਚੇਅਰਮੈਨ ਟੇਕ ਚੰਦ, ਜਿਲਾ ਜਨਰਲ ਸਕੱਤਰ ਧਰਮਜੀਤ, ਜਿਲ੍ਹਾ ਕੈਸ਼ੀਅਰ ਡਾ ਰਾਮ ਜੀ ਦਾਸ, ਡਾ ਸਤਪਾਲ, ਡਾਕਟਰ ਗਿਆਨ ਸਿੰਘ, ਡਾ ਹਰਜਿੰਦਰ ਸਿੰਘ, ਡਾ ਕੁਲਵਿੰਦਰ ਡਾ, ਵਿਮਲ: ਕੁਲਵਿੰਦਰ, ਜਗਜੀਤ, ਗੁਰਦੇਵ, ਤਰਸੇਮ, ਸੁਰਿੰਦਰ, , ਡਾ: ਰਾਜੇਸ਼ ਅਮਰੀਕ, ਡਾ: ਜਗਦੀਸ਼, , ਡਾ: ਰਾਣਾ ਔੜ , ਡਾ: ਕੁਲਵੀਰ ਸਿੰਘ ਔੜ , ਡਾ: ਰਾਜੇਸ਼ ਔੜ ਬਲਿਹਾਰ ਔੜ , ਡਾ: ਕਰਨੈਲ ਸਿੰਘ ਮੱਲਾ ਚੌਰ ਤੋਂ ਡਾ ਤਜਿੰਦਰ ਜੋਤ ਪ੍ਰੈਸ ਸਕੱਤਰ ਸ਼ਾਮਿਲ ਹੋਏ।

# ਮੈਰੀਲੈਂਡ ਦੇ ਗਵਰਨਰ ਦਫ਼ਤਰ ਵੱਲੋਂ ਨਾਨਕਸ਼ਾਹੀ ਨਵੇਂ ਸਾਲ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਸਿੱਖ ਸੰਗਤਾਂ ਨਾਲ ਸ਼ਮੂਲੀਅਤ








**ਵੱਲੋਂ: ਸਮੀਪ ਸਿੰਘ ਗੁਮਟਾਲਾ**

**ਮੈਰੀਲੈਂਡ/ਵਰਜੀਨੀਆ** – ਮੈਰੀਲੈਂਡ ਅਤੇ ਵਰਜੀਨੀਆ ਵਿਖੇ ਤਿੰਨ ਦਿਨਾਂ ਸਾਲਾਨਾ 'ਬਸੰਤ ਕੀਰਤਨ ਦਰਬਾਰ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ, ਜਿੱਥੇ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਅਤੇ ਨਾਨਕਸ਼ਾਹੀ ਨਵਾਂ ਸਾਲ 558 ਮਨਾਇਆ। ਗੁਰੂ ਰਾਮ ਦਾਸ ਫਾਊਂਡੇਸ਼ਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਕੈਡਮੀ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਅਧਿਆਤਮਿਕ ਸਮਾਗਮ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੀ ਲਾਸਾਨੀ ਵਿਰਾਸਤ ਨੂੰ ਯਾਦ ਕਰਨਾ ਸੀ।

ਭਾਈ ਸਵਿੰਦਰ ਸਿੰਘ ਜੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਕੀਰਤਨ ਦਰਬਾਰ ਦਾ ਮੁੱਖ ਮਕਸਦ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਇਲਾਹੀ ਮਾਧਿਅਮ ਰਾਹੀਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਸੀ। ਉਹਨਾਂ ਦੀ ਯੋਗ ਅਗਵਾਈ ਸਦਕਾ ਇਹ ਪ੍ਰੋਗਰਾਮ ਨਾ ਸਿਰਫ਼ ਇੱਕ ਯਾਦਗਾਰੀ ਸਮਾਗਮ ਸਾਬਤ ਹੋਇਆ, ਸਗੋਂ ਇਸ ਨੇ ਪੂਰੇ ਖੇਤਰ ਦੇ ਸਿੱਖ ਪਰਿਵਾਰਾਂ ਅਤੇ ਧਾਰਮਿਕ ਆਗੂਆਂ ਨੂੰ ਆਪਸੀ ਸਾਂਝ ਦੇ ਇੱਕ ਮਜ਼ਬੂਤ ਸੂਤਰ ਵਿੱਚ ਪਰੋਇਆ।

ਸਮਾਗਮ ਦੇ ਪਹਿਲੇ ਦਿਨ ਰੈਂਡਲਸਟਾਊਨ ਸਥਿਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਗੁਰਦੁਆਰਾ ਸਾਹਿਬ ਵਿਖੇ ਮੈਰੀਲੈਂਡ ਦੇ ਗਵਰਨਰ ਦੇ 'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਦੇ ਉੱਚ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਡਾ. ਲੌਰਾ ਹਾਰਗਰੋਵ ਨੇ ਕਈ ਕਮਿਸ਼ਨ ਮੈਂਬਰਾਂ ਸਮੇਤ ਸੰਗਤਾਂ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ।

ਮੈਰੀਲੈਂਡ ਸਟੇਟ ਦਾ 'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਨਾਗਰਿਕਾਂ ਨੂੰ




ਆਰਥਿਕ, ਵਲੰਟੀਅਰ ਅਤੇ ਸਮਾਜਿਕ ਸੇਵਾਵਾਂ ਨਾਲ ਜੋੜਨ ਅਤੇ ਸਰਕਾਰ ਦੇ ਕਾਰਜਕਾਰੀ ਵਿਭਾਗ ਰਾਹੀਂ ਭਾਈਚਾਰਕ ਸਾਂਝ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਹਨਾਂ ਦੀ ਇਸ ਸ਼ਮੂਲੀਅਤ ਨੇ ਰਾਜ ਸਰਕਾਰ ਦੀ ਵੱਖ-ਵੱਖ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਅਤੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਮਹਾਨ ਕੁਰਬਾਨੀ ਦੇ ਵਿਸ਼ਵਵਿਆਪੀ ਮਹੱਤਵ ਨੂੰ ਦਰਸਾਇਆ।

ਇਸ ਤਿੰਨ ਦਿਨਾਂ ਦਰਬਾਰ ਵਿੱਚ ਵਿਸ਼ਵ ਪ੍ਰਸਿੱਧ ਰਾਗੀ ਜਥਿਆਂ ਨੇ ਆਪਣੀ ਰਸ ਭਿੰਨੀ ਕੀਰਤਨ ਸੇਵਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕੀਰਤਨ ਕਰਨ ਵਾਲੇ ਜਥਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ, ਭਾਈ ਹਰਪ੍ਰੀਤ ਸਿੰਘ ਜੀ ਅਤੇ ਭਾਈ ਸਿਰੀਪਾਲ ਸਿੰਘ ਜੀ ਸ਼ਾਮਲ ਸਨ। ਇਸ ਤੋਂ ਇਲਾਵਾ ਯੂ.ਕੇ. ਤੋਂ ਭਾਈ ਕਰਨਜੀਤ ਸਿੰਘ ਜੀ, ਡੇਨਵਰ (ਕੋਲੋਰਾਡੋ) ਤੋਂ ਬੀਬੀ ਗੁਨੀਤ ਕੌਰ ਜੀ, ਲਾਸ ਏਂਜਲਸ (ਕੈਲੀਫੋਰਨੀਆ) ਤੋਂ ਪ੍ਰੋ. ਬਲਜੀਤ ਸਿੰਘ ਜੀ ਅਤੇ ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਡਾ. ਗਗਨਦੀਪ ਸਿੰਘ ਜੀ ਨੇ ਵੀ



**'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਦੇ ਡਾ. ਲੌਰਾ ਹਾਰਗਰੋਵ ਅਤੇ ਹੋਰਨਾਂ ਕਮਿਸ਼ਨ ਮੈਂਬਰਾਂ ਨੂੰ ਸਨਮਾਨ ਚਿੰਨ ਦਿੰਦੇ ਹੋਏ ਭਾਈ ਸਵਿੰਦਰ ਸਿੰਘ ਜੀ ਅਤੇ ਹੋਰ ਪ੍ਰਬੰਧਕ।**

ਹਾਜ਼ਰੀ ਭਰੀ।

ਸੰਗਤਾਂ ਦੀ ਸਹੂਲਤ ਲਈ ਇਹ ਸਮਾਗਮ ਤਿੰਨ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਵਿੱਚ ਕਰਵਾਏ ਗਏ। ਪਹਿਲੇ ਦਿਨ ਦੀ ਸ਼ੁਰੂਆਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ (ਰੈਂਡਲਸਟਾਊਨ, ਮੈਰੀਲੈਂਡ) ਤੋਂ ਹੋਈ। ਦੂਜੇ ਦਿਨ ਦਾ ਸਮਾਗਮ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ (ਸਿੱਖ ਲਰਨਿੰਗ ਸੈਂਟਰ), ਗਲੇਨ ਬਰਨੀ (ਮੈਰੀਲੈਂਡ) ਵਿਖੇ ਅਤੇ ਤੀਜੇ ਦਿਨ ਸਿੰਘ ਸਭਾ ਗੁਰਦੁਆਰਾ ਫੇਅਰਫੈਕਸ (ਵਰਜੀਨੀਆ) ਵਿਖੇ ਸਮਾਪਤੀ ਹੋਈ।

ਪ੍ਰਬੰਧਕਾਂ ਵੱਲੋਂ ਤਿੰਨਾਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਰਕਾਰੀ ਅਧਿਕਾਰੀਆਂ ਦਾ ਉਹਨਾਂ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਹ ਸਮਾਗਮ ਧਰਮ ਦੀ ਦ੍ਰਿੜਤਾ ਅਤੇ ਰਾਜਾਂ ਦੀਆਂ ਸਰਹੱਦਾਂ ਤੋਂ ਪਰੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਾਲਾ ਇੱਕ ਯਾਦਗਾਰੀ ਉਪਰਾਲਾ ਰਿਹਾ।

# ਗੀਤ 'ਪਾਣੀ' ਦਾ ਸਿੰਗਲ ਟਰੈਕ ਜਾਰੀ, ਸਮਾਜਿਕ ਮੁੱਦੇ ਦੀ ਭਰਪੂਰ ਵਕਾਲਤ ਲਈ ਗਾਇਕ ਤੇ ਗੀਤਕਾਰ ਦੀ ਸ਼ਲਾਘਾ

**ਫਿਲੌਰ/ਅੱਪਰਾ, 24 ਮਾਰਚ (ਦੀਪਾ)**–ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ (ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਲੋਂ 'ਵਿਸ਼ਵ ਜਲ ਦਿਵਸ' ਨੂੰ ਸਮਰਪਿਤ ਗੀਤ 'ਪਾਣੀ' ਤਿਆਰ ਕਰਵਾਇਆ ਗਿਆ ਹੈ। ਇੱਥੇ ਇੱਕ ਸਮਾਗਮ ਦੌਰਾਨ ਇਸਦਾ ਸਿੰਗਲ ਟਰੈਕ ਅੱਜ ਜਾਰੀ ਕੀਤਾ ਗਿਆ ।ਇਸ ਗੀਤ ਨੂੰ ਗਾਇਕ ਅਜੀਤ ਸਿੰਘ ਨਵਾਂਸ਼ਹਿਰ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਪੇਸ਼ ਕੀਤਾ ਹੈ।ਇਸ ਗੀਤ ਦੇ ਰਚੇਤਾ ਇੰਜ. ਜਸਵੀਰ ਸਿੰਘ ਮੋਰੋਂ ਹਨ 'ਤੇ ਸੰਗੀਤਬੱਧ ਆਰ. ਸੋਡੀ ਨੇ ਕੀਤਾ ਹੈ । ਇਹ ਰਲੀਜ਼ ਰਸਮ ਵਿੱਚ ਉਕਤ ਗਾਇਕ ਅਤੇ ਗੀਤਕਾਰ ਦੇ ਨਾਲ ਐਡਵੋਕੇਟ ਕਮਲਜੀਤ ਸਿੰਘ ਬਹਾਦਰਪੁਰ, ਸਰਪੰਚ ਹਰਮਿੰਦਰ ਸਿੰਘ ਤਲਵੰਡੀ, ਸਲਵਿੰਦਰ ਸਿੰਘ ਰਾਵਣ,ਮਾਸਟਰ ਹਰਜੋਗ ਸਿੰਘ, ਕਮੈਂਟੇਟਰ ਗੁਰਦਿਆਲ ਸਿੰਘ ਜਗਤਪੁਰ, ਲੰਬੜਦਾਰ ਸੁਰਜੀਤ ਮਜਾਰੀ ਸ਼ਾਮਲ ਹੋਏ । ਇਸ ਮੌਕੇ ਇੰਜ. ਜਸਵੀਰ ਮੋਰੋਂ ਨੇ ਇਸ ਸੰਗੀਤਕ ਉਪਰਾਲੇ ਲਈ ਮਿਸ਼ਨ ਬਾਰੇ ਚਾਨਣਾ ਪਾਉਂਦਿਆ ਕਿਹਾ ਕਿ ਮਨੁੱਖ ਦੀ ਮੁੱਢਲੀ ਲੋੜ ਪਾਣੀ ਦਾ ਮਿਆਰ ਤੇ



ਪੱਧਰ ਤੇਜੀ ਨਾਲ ਨੀਵਾਂ ਜਾ ਰਿਹਾ ਹੈ । ਉਹਨਾਂ ਦਾ ਕਹਿਣ ਸੀ ਕਿ ਪੰਜਾਬ ਦਾ ਪੀਣ ਵਾਲਾ ਪਾਣੀ ਪ੍ਰਦੂਸ਼ਤ ਹੋਣ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਜਨਤਾ ਆ ਚੁੱਕੀ ਹੈ । ਰਲੀਜ਼ ਰਸਮ ਵਿੱਚ ਸ਼ਾਮਲ ਵੱਖ-ਵੱਖ ਸ਼ਖ਼ਸੀਅਤਾਂ ਨੇ ਗਾਇਕ ਅਤੇ ਗੀਤਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪੰਜਾਬ ਦਾ ਭਖਵਾਂ ਮਸਲਾ ਬਣ ਗਿਆ ਹੈ । ਇਸ ਤੇ ਹਰ ਪੱਧਰ ਉੱਪਰ ਚਰਚਾ ਹੋਣੀ ਜ਼ਰੂਰੀ ਹੈ ।ਇਸ ਗੀਤ ਰਾਹੀਂ ਲੋਕਾਂ ਨੂੰ ਪਾਣੀ ਦੀ ਅਹਿਮੀਅਤ ਪ੍ਰਤੀ ਜਾਗਰੂਕ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ ।

# ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਦੇ ਮੈਂਬਰਾਂ ਨੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਭਾਵਭਿੰਨੀ ਸ਼ਰਧਾਂਜ਼ਲੀ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲਾਇਬ੍ਰੇਰੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਦੇਸ਼ ਦੇ ਆਜ਼ਾਦੀ ਸੰਗਰਾਮ 'ਚ ਉਨ੍ਹਾਂ ਦੀ ਲਾਮਿਸਾਲ ਕੁਰਬਾਨੀ ਅਤੇ ਦੇਣ ਨੂੰ ਸਿਜਦਾ ਕਰਦਿਆਂ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਨੇ ਉਨ੍ਹਾਂ ਨਾਲ ਸ਼ਹੀਦ ਭਗਤ ਸਿੰਘ ਦੇ ਫਲਸਫ਼ੇ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਇਸ ਮੌਕੇ 'ਤੇ ਐਡਵੋਕੇਟ ਯੁਵਰਾਜ ਸਿੰਘ ਵੱਲੋਂ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਕਿਤਾਬ 'ਇਨਕਲਾਬ ਜ਼ਿੰਦਾਬਾਦ' ਸਾਰੇ ਮੈਂਬਰਾਂ ਨੂੰ ਭੇਂਟ ਕੀਤੀ। ਇਸ ਮੌਕੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਸਹਾਇਕ ਸਕੱਤਰ ਪ੍ਰੋ. ਡਾ. ਗੋਪਾਲ ਸਿੰਘ ਬੁੱਟਰ, ਟਰੱਸਟੀ ਕਾ. ਚਰੰਜੀਲਾਲ ਕੰਗਣੀਵਾਲ, ਰਣਜੀਤ ਸਿੰਘ ਔਲਖ ਅਤੇ ਗੁਰਦੀਪ ਸਿੰਘ ਹਾਜ਼ਰ ਸਨ।



# ਫਿਲੌਰ ਵਿਖੇ ਲੋਕ ਇਨਸਾਫ਼ ਮੰਚ ਵੱਲੋ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

**ਫਿਲੌਰ/ਅੱਪਰਾ, 24 ਮਾਰਚ (ਦੀਪਾ)**-ਅੱਜ ਸ਼ਹਿਰ ਫਿਲੌਰ ਵਿਖੇ ਲੋਕ ਇਨਸਾਫ਼ ਮੰਚ ਵੱਲੋ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਇਸ ਦੌਰਾਨ ਭਗਤ ਸਿੰਘ ਜੀ ਦੀ ਫੋਟੋ ਤੇ ਫੁੱਲਮਾਲਾ ਅਰਪਿਤ ਕਰਕੇ ਓਹਨਾ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ,, ਇਸ ਦੌਰਾਨ ਪ੍ਰਧਾਨ ਜਰਨੈਲ ਫਿਲੌਰ ਜੀ ਨੇ ਓਹਨਾ ਨੂੰ ਫੁੱਲਮਾਲਾ ਭੇਂਟ ਕਰਦਿਆਂ ਕਿਹਾ ਕੀ ਜੋ ਸੁਪਨੇ ਸਜੋ ਕੇ ਸਾਡੇ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ ਸੀ ਓਹ ਸੁਪਨੇ ਅਜਾਦੀ ਦੇ 78 ਸਾਲ ਬੀਤਣ ਦੇ ਬਾਅਦ ਭੀ ਅਧੂਰੇ ਹਨ,, ਅੱਜ ਭੀ ਅਮੀਰ ਗਰੀਬ ਉਚ ਨੀਚ ਦਾ ਪਾੜਾ ਸਾਡੇ ਸਮਾਜ ਵਿੱਚ ਹੈ ਅਤੇ ਭਗਤ ਸਿੰਘ ਜੀ ਦੇ ਸੁਪਨੇ ਪੂਰੇ ਕਰਨ ਲਈ ਸਾਨੂ ਇਕਜੁੱਟ ਹੋ ਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨਾ ਪਵੇਗਾ,, ਲੋਕਾਂ ਵਿੱਚ ਚੇਤਨਾ ਪੈਦਾ ਕਰਨੀ ਪਵੇਗੀ ਤਾਂ ਹੀ ਸਮਾਜ ਵਿੱਚ ਇਨਕਲਾਬ ਆ ਸਕਦਾ ਹੈ,, ਇਸ ਮੋਕੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ,, ਹਨੀ ਫਿਲੌਰ,ਅਸ਼ੋਕ ਲਾਖਾ,, ਸਰੂਪ ਲਾਲ ਕਲੇਰ,ਸ਼ਿੰਗਾਰਾ ਰਾਮ,,,ਰਾਮ ਪਾਲ ਸੈਫਆਬਾਦ,, ਰਾਮ ਲਾਲ, ਜਗਦੀਸ਼, ਸੰਤ ਲਾਲ, ਅਨਮੋਲ, ਗੋਪਾਲ, ਲਖਨ,, ਕਰਨ ਬੰਗਾ,,ਨਵਪ੍ਰੀਤ ਜੱਖੂ,ਸੁਨੀਤਾ ਫਿਲੌਰ, ਬੀਬੀ ਹੰਸ ਕੌਰ,ਅੰਜੂ ਬਿਰਦੀ , ਗੇਜੋ, ਬੰਗੜੂ,, ਮਹਿੰਦਰ ਕੌਰ,, ਮਨਪ੍ਰੀਤ ਸੱਲ੍ਹਣ,, ਮਾਇਰਾ ਸੱਲ੍ਹਣ,, ਕੰਵਲਜੀਤ ਫਿਲੌਰ,, ਕਾਜਲ ਫਿਲੌਰ,,ਆਦਿ ਹਾਜਿਰ ਸਨ।



# ਅੱਪਰਾ ਵਿਖੇ ਛਿੰਝ ਮੇਲਾ ਤੇ ਭੰਡਾਰਾ 26, 27 ਨੂੰ



**ਫਿਲੌਰ/ਅੱਪਰਾ, 24 ਮਾਰਚ (ਦੀਪਾ)**-ਸਖੀ ਸਰਵਰ ਲਾਲਾਂ ਵਾਲੇ ਪੀਰ ਜੀ ਦਾ ਅੱਪਰਾ ਵਿਖੇ ਛਿੰਝ ਮੇਲਾ ਤੇ ਭੰਡਾਰਾ ਗੱਦੀਨਸ਼ੀਨ ਜਿੰਮੀ ਸਰਕਾਰ ਦੀ ਅਗਵਾਈ ਹੇਠ ਮਿਤੀ 26 ਤੇ 27 ਮਾਰਚ ਦਿਨ ਵੀਰਵਾਰ ਤੇ ਸ਼ੁੱਕਰਵਾਰ ਨੂੰ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਜਿੰਮੀ ਸਰਕਾਰ ਨੇ ਦੱਸਿਆ ਕਿ ਮਿਤੀ 26 ਮਾਰਚ ਦਿਨ ਵੀਰਵਾਰ ਨੂੰ ਮਹਿੰਦੀ, ਚਿਰਾਗ, ਝੰਡੇ ਤੇ ਚਾਦਰ ਦੀ ਰਸਮ ਨਿਭਾਈ ਜਾਵੇਗੀ । ਇਸ ਮੌਕੇ ਪੰਜਾਬੀ ਗਾਇਕ ਵਨੀਤ ਖਾਨ, ਸ਼ਾਹ ਕੱਵਾਲ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ । ਮਿਤੀ 27 ਮਾਰਚ ਦਿਨ ਸ਼ੁੱਕਰਵਾਰ ਨੂੰ ਦੁਪਿਹਰ 2 ਵਜੇ ਕੁਸ਼ਤੀਆਂ ਕਰਵਾਈਆਂ ਜਾਣਗੀਆਂ । ਇਸ ਮੌਕੇ ਪਟਕੇ ਦੀ ਕੁਸ਼ਤੀ ਅੰਮ੍ਰਿ ਬਾੜੇਵਾਲ ਤੇ ਪ੍ਰਦੀਪ ਬੱਬੇਆਣਾ ਵਿਚਕਾਰ ਹੋਵੇਗੀ । ਜੈਤੂ ਪਹਿਲਵਾਨ ਨੂੰ ਇੱਕ ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ । ਭੰਡਾਰੇ ਦੌਰਾਨ ਅਤੁੱਟ ਲੰਗਰ ਵੀ ਵਰਤਾਏ ਜਾਣਗੇ ।

# ਲਾਲਜੀਤ ਸਿੰਘ ਭੁੱਲਰ ਮਾਮਲੇ ਦੀ ਸੀ ਬੀ ਆਈ ਜਾਂਚ ਬਾਰੇ ਅਮਿਤ ਸ਼ਾਹ ਦਾ ਬਿਆਨ, ਭਾਜਪਾ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਵੱਲੋਂ ਸਮਰਥਨ



**ਨਵਾਂਸ਼ਹਿਰ 24 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਕੈਬਿਨੇਟ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਸੰਬੰਧਿਤ ਮਾਮਲੇ ਦੀ ਜਾਂਚ ਸਬੰਧੀ ਮਹੱਤਵਪੂਰਨ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਦੇ ਸਾਰੇ ਲੋਕ ਸਭਾ ਮੈਂਬਰ ਆਪਣੀ ਸਹਿਮਤੀ ਦੇ ਤੌਰ 'ਤੇ ਲਿਖਤੀ ਪੱਤਰ ਪੇਸ਼ ਕਰਦੇ ਹਨ, ਤਾਂ ਇਸ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸੌਂਪੀ ਜਾ ਸਕਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਪਾਰਦਰਸ਼ੀ ਅਤੇ ਨਿਰਪੱਖ ਜਾਂਚ ਦੇ ਹੱਕ ਵਿੱਚ ਹੈ, ਪਰ ਰਾਜਾਂ ਦੇ ਅਧਿਕਾਰਾਂ ਅਤੇ ਲੋਕਤੰਤਰਿਕ ਪ੍ਰਕਿਰਿਆ ਦਾ ਆਦਰ ਕਰਨਾ ਵੀ ਲਾਜ਼ਮੀ ਹੈ, ਇਸ ਲਈ ਸਾਰੇ ਦਲਾਂ ਦੀ ਲਿਖਤੀ ਸਹਿਮਤੀ ਅਹਿਮ ਹੈ। ਭਾਜਪਾ ਦੇ ਸੀਨੀਅਰ ਆਗੂ ਅਤੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਨੇ ਇਸ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਕਦਮ ਇਨਸਾਫ਼ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਦਾ ਭਰੋਸਾ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਪਹਿਲ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇ ਸਾਰੇ ਦਲਾਂ ਦੇ ਲੋਕ ਸਭਾ ਮੈਂਬਰ ਆਪਣੇ ਸਮਰਥਨ ਦੇ ਪੱਤਰ ਜਮ੍ਹਾਂ ਕਰਵਾਉਂਦੇ ਹਨ, ਤਾਂ ਸੀ ਬੀ ਆਈ ਜਾਂਚ ਰਾਹੀਂ ਸੱਚਾਈ ਸਾਹਮਣੇ ਆਵੇਗੀ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਸੰਭਵ ਹੋਵੇਗੀ।ਐਡਵੋਕੇਟ ਲੱਕੀ ਨੇ ਸਾਰੇ ਜਨ ਪ੍ਰਤਿਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਿਕ ਭੇਦਭਾਵ ਤੋਂ ਉੱਪਰ ਉੱਠ ਕੇ ਇਸ ਮਾਮਲੇ ਵਿੱਚ ਇਕਜੁੱਟਤਾ ਦਿਖਾਉਣ।ਤਾਂ ਜੋ ਪੀੜਿਤ ਪਰਿਵਾਰ ਨੂੰ ਇਨਸਾਫ ਮਿਲ ਸਕੇ।

# ਬਲਾਕ ਰੁੜਕਾ ਕਲਾਂ ਦੇ ਚੇਅਰਪਰਸਨ ਵੀਨਾ ਕੁਮਾਰੀ ਤ੍ਰਿਵੈਣੀ ਮੰਦਿਰ ਇੰਦਣਾਂ ਕਲਸਕੇ ਵਿਖੇ ਹੋਏ ਨਤਮਸਤਕ



**ਫਿਲੌਰ/ਅੱਪਰਾ, 24 ਮਾਰਚ (ਦੀਪਾ)-ਬਲਾਕ** ਸੰਮਤੀ ਬਲਾਕ ਵਿਰਕ ਤੋਂ ਪਹਿਲਾਂ ਬਲਾਕ ਸੰਮਤੀ ਚੌਣਾਂ ਜਿੱਤ ਹਾਸਲ ਕਰਕੇ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਬਲਾਕ ਰੁੜਕਾ ਕਲਾਂ ਦੀ ਚੇਅਰਪਰਸਨ ਦੀ ਵੀ ਚੋਣ ਲੜੀ ਅਤੇ ਜਿੱਤ ਹਾਸਲ ਕੀਤੀ, ਚੋਣ ਜਿੱਤਣ ਉਪਰੰਤ ਸ਼੍ਰੀਮਤੀ ਵੀਨਾ ਕੁਮਾਰੀ ਚੇਅਰਪਰਸਨ ਬਲਾਕ ਰੁੜਕਾਂ ਕਲਾਂ ਆਪਣੇ ਪਿੰਡ ਵਾਸੀਆਂ ਦੇ ਨਾਲ ਪਿੰਡ ਇੰਦਣਾਂ ਕਲਸਕੇ ਦੇ ਤ੍ਰਿਵੈਣੀ ਮੰਦਿਰ ਵਿਖੇ ਉਚੇਚੇ ਤੌਰ ਤੇ ਨਤਮ-ਸਤਕ ਹੋਏ। ਇਸ ਸਮੇਂ ਉਨ੍ਹਾਂ ਨੇ ਨਤਮਸਤਕ ਹੋ ਕੇ ਬਾਬਾ ਜੀ ਤੋਂ ਅਸ਼ੀਰਵਾਦ ਲਿਆ। ਇਸ ਸਮੇਂ ਦਰਬਾਰ ਦੇ ਗੱਦੀ ਨਸ਼ੀਨ ਸਾਈਂ ਬਲਦੇਵ ਸ਼ਾਹ ਜੀ ਕਾਦਰੀ ਨੇ ਸ਼੍ਰੀਮਤੀ ਵੀਨਾ ਕੁਮਰੀ ਨੂੰ ਦੁਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਉਨ੍ਹਾਂ ਦੇ ਬੇਟੇ ਸਰਪੰਚ ਵਿਰਕਾ ਸੁਮੀਤ ਲਾਡੀ ਬਸਰਾ ਨੇ ਆਪਣੇ ਵੋਟਰਾਂ ਸਪੋਟਰਾ ਦਾ ਧੰਨਵਾਦ ਕੀਤਾ। ਜਿਨ੍ਹਾਂ ਨੇ ਰਾਤ ਦਿਨ ਮੇਹਨਤ ਕਰ ਕੇ ਉਨ੍ਹਾਂ ਦੀ ਮਾਤਾ ਨੂੰ ਕਾਮਯਾਬ ਕੀਤਾ। ਲਾਡੀ ਨੇ ਦੱਸਿਆ ਕਿ ਉਹ ਆਪਣੇ ਹਲਕੇ ਦੇ ਆਉਂਦੇ 65 ਪਿੰਡਾਂ ਦੀ ਨੁਹਾਰ ਬਦਲਣ ਦਾ ਪੂਰਾ ਖਿਆਲ ਰੱਖਣਗੇ। ਪਿੰਡ ਇੰਦਣਾਂ ਕਲਸਕੇ ਦੇ ਸਰਪੰਚ ਸ਼੍ਰੀਮਤੀ ਜਸਵੀਰ ਕੌਰ ਨੇ ਚੇਅਰਪਰਸਨ ਦਾ ਪਿੰਡ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ ਤੇ ਅੱਗੇ ਤੋਂ ਵੀ ਸਹਿਯੋਗ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਦਰਬਾਰ ਦੇ ਗੱਦੀ ਨਸ਼ੀਨ ਸਾਈਂ ਬਲਦੇਵ ਸ਼ਾਹ ਜੀ ਕਾਦਰੀ, ਸ਼੍ਰੀਮਤੀ ਵੀਨਾ ਕੁਮਰੀ, ਸਰਪੰਚ ਸੁਮੀਤ ਲਾਡੀ ਬਸਰਾ, ਅਸ਼ੋਕ ਕੁਮਾਰ, ਸਰਪੰਚ ਸ਼੍ਰੀਮਤੀ ਜਸਵੀਰ ਕੌਰ, ਜਸਵੀਰ ਲਾਲ, ਸ਼੍ਰੀਮਤੀ ਹਰਪ੍ਰੀਤ ਕੌਰ, ਤਰਸੇਮ ਕੌਰ, ਹਰਮੀਨਾ, ਪਰਮਜੀਤ ਕੌਰ, ਊਸ਼ਾ ਰਾਣੀ ਤੋਂ ਇਲਾਵਾਂ ਸਪੋਰਟਸ ਭਾਰੀ ਗਿਣਤੀ ਵਿੱਚ ਆਦਿ ਹਾਜ਼ਰ ਸਨ।

# ਲੋਕ ਇਨਸਾਫ਼ ਮੰਚ ਪੰਜਾਬ ਵੱਲੋਂ ਅਜ਼ਾਦ ਕਬੱਡੀ ਕਲੱਬ ਦੇ ਉੱਘੇ ਸਮਾਜ ਸੇਵੀ ਜੱਸ ਔਜਲਾ ਮੁੱਠਡਾ ਦਾ ਵਿਸ਼ੇਸ਼ ਸਨਮਾਨ

**ਫਿਲੌਰ/ਅੱਪਰਾ, 24 ਮਾਰਚ (ਦੀਪਾ)**-ਸਮਾਜ ਸੇਵਾ ਅਤੇ ਖੇਡਾਂ ਦੇ ਖੇਤਰ ਵਿੱਚ ਨਿਸ਼ਕਾਮ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਦੀ ਹੌਸਲਾ ਅਫਜ਼ਾਈ ਦੀ ਲੜੀ ਤਹਿਤ, ਅੱਜ 'ਲੋਕ ਇਨਸਾਫ਼ ਮੰਚ ਪੰਜਾਬ' ਦੀ ਟੀਮ ਵੱਲੋਂ ਇੱਕ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮੰਚ ਦੇ ਅਹੁਦੇਦਾਰਾਂ ਨੇ ਅਜ਼ਾਦ ਕਬੱਡੀ ਕਲੱਬ ਦੇ ਮੁੱਖ ਸੇਵਾਦਾਰ ਅਤੇ ਲੋਕਾਂ ਦੇ ਦੁੱਖਾਂ-ਤਕਲੀਫ਼ਾਂ ਵਿੱਚ ਹਮੇਸ਼ਾ ਮੋਹਰੀ ਹੋ ਕੇ ਖੜ੍ਹਨ ਵਾਲੇ ਗਰੀਬਾਂ ਦੇ ਹਮਦਰਦ ਜੱਸ ਔਜਲਾ ਮੁੱਠਡਾ ਜੀ ਦਾ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਸਕੱਤਰ ਪਰਸ਼ੋਤਮ ਫਿਲੌਰ, ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਹਨੀ ਫਿਲੌਰ, ਸੁਰਜੀਤ ਸਿੰਘ, ਰਾਜਵਿੰਦਰ ਮੁੱਠਡਾ ਅਤੇ ਬਿੱਲਾ ਮੁੱਠਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਨਮਾਨ ਕਰਨ ਉਪਰੰਤ ਮੰਚ ਦੇ ਸਕੱਤਰ ਪਰਸ਼ੋਤਮ ਫਿਲੌਰ ਅਤੇ ਮੀਤ ਪ੍ਰਧਾਨ ਮਾਸਟਰ ਹੰਸ ਰਾਜ ਨੇ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਜੱਸ ਔਜਲਾ ਮੁੱਠਡਾ ਇੱਕ ਅਜਿਹੀ ਸ਼ਖਸੀਅਤ ਹਨ, ਜੋ ਲੰਬੇ ਸਮੇਂ ਤੋਂ ਬਿਨਾਂ ਕਿਸੇ ਪ੍ਰਚਾਰ ਜਾਂ ਸੁਆਰਥ ਦੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਬਾਂਹ ਫੜ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਇਲਾਕੇ ਵਿੱਚ ਕਿਸੇ ਮਜ਼ਲੂਮ 'ਤੇ ਕੋਈ ਮੁਸੀਬਤ ਆਉਂਦੀ ਹੈ ਜਾਂ ਕਿਸੇ ਨੂੰ ਇਨਸਾਫ਼ ਦੀ ਲੋੜ ਹੁੰਦੀ ਹੈ, ਤਾਂ ਜੱਸ ਔਜਲਾ ਹਮੇਸ਼ਾ ਇੱਕ ਚੱਟਾਨ ਵਾਂਗ ਨਾਲ ਖੜ੍ਹਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜ਼ਾਦ ਕਬੱਡੀ ਕਲੱਬ ਰਾਹੀਂ ਜੱਸ ਔਜਲਾ ਜੀ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਰਗੀ ਭਿਆਨਕ ਅਲਾਮਤ ਤੋਂ ਬਚਾਉਣ ਲਈ ਜੋ ਬੀੜਾ ਚੁੱਕਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜ ਕੇ ਉਨ੍ਹਾਂ ਦੀ ਊਰਜਾ ਨੂੰ ਸਹੀ ਪਾਸੇ ਲਗਾਉਣਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਜੱਸ ਔਜਲਾ ਇਸ ਕਾਰਜ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾ ਰਹੇ ਹਨ। ਸਨਮਾਨ ਹਾਸਲ ਕਰਨ ਉਪਰੰਤ ਜੱਸ ਔਜਲਾ ਮੁੱਠਡਾ ਜੀ ਨੇ ਲੋਕ ਇਨਸਾਫ਼ ਮੰਚ ਪੰਜਾਬ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮਾਣ-ਸਨਮਾਨ ਮੈਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਹੋਰ ਵੀ ਤਨਦੇਹੀ ਨਾਲ ਨਿਭਾਉਣ ਲਈ ਉਤਸ਼ਾਹਿਤ ਕਰੇਗਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਆਖਰੀ ਦਮ ਤੱਕ ਲੋੜਵੰਦਾਂ ਦੀ ਸੇਵਾ ਅਤੇ ਪੰਜਾਬੀ ਮਾਂ-ਖੇਡ ਕਬੱਡੀ ਦੀ ਪ੍ਰਫੁੱਲਤਾ ਲਈ ਕਾਰਜਸ਼ੀਲ ਰਹਿਣਗੇ। ਇਸ ਮੌਕੇ ਹਾਜ਼ਰ ਹੋਰਨਾਂ ਆਗੂਆਂ ਨੇ ਵੀ ਜੱਸ ਔਜਲਾ ਜੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਨੌਜਵਾਨ ਪੀੜ੍ਹੀ ਨੂੰ ਅਜਿਹੀਆਂ ਸੇਵਾਭਾਵੀ ਸ਼ਖਸੀਅਤਾਂ ਤੋਂ ਸੇਧ ਲੈਣ ਦੀ ਅਪੀਲ ਕੀਤੀ।



# ਆਪਣੇ ਆਪ ਨੂੰ ਬਦਲੋ ਤੁਹਾਡੀ ਜ਼ਿੰਦਗੀ ਬਦਲ ਜਾਵੇਗੀ

ਕੁਝ ਕੁ ਸਾਲ ਪਹਿਲਾਂ ਮੈਂ ਕਾਫੀ ਪਰੇਸ਼ਾਨ ਰਹਿੰਦੀ ਸੀ ,ਮੇਰੇ ਮਨ ਵਿੱਚ ਭੂਤ ਕਾਲ ਦੀਆਂ ਯਾਦਾਂ ਘੁੰਮਦੀਆਂ ਰਹਿੰਦੀਆਂ ਸੀ, ਮੈਂ ਅਕਸਰ ਸੋਚਦੀ ਰਹਿੰਦੀ ਸੀ ਕਿ ਮੈਂ ਇਹ ਕਿਉਂ ਕੀਤਾ, ਜਾਂ ਮੇਰੇ ਨਾਲ ਇਹ ਕਿਉਂ ਹੋਇਆ, ਸਾਰਾ ਦਿਨ ਮੇਰੇ ਮਨ ਵਿੱਚ ਖਿਆਲਾਂ ਦੀ ਲੜੀ ਚਲਦੀ ਰਹਿੰਦੀ ਸੀ, ਮੈਂ ਇਸ ਚੀਜ਼ ਤੋਂ ਕਾਫੀ ਪਰੇਸ਼ਾਨ ਸੀ, ਮੇਰਾ ਧਿਆਨ ਮੇਰੇ ਕੰਮਾਂ ਤੋਂ ਹਟ ਜਾਂਦਾ ਸੀ ਤੇ ਮੈਂ ਕੋਈ ਵੀ ਕੰਮ ਸਹੀ ਨਹੀਂ ਸੀ ਕਰ ਪਾਉਂਦੀ, ਹਰ ਕੰਮ ਤੇ ਬੜਾ ਸਮਾਂ ਲੱਗ ਜਾਂਦਾ ਸੀ ਕਿਉਂਕਿ ਮੇਰੇ ਮਨ ਦੇ ਵਿਚਾਰ ਮੇਰੇ ਸਮੇਂ ਨੂੰ ਖਾ ਰਹੇ ਸੀ, ਮੈਂ ਵਿਚਾਰਾਂ ਦੇ ਇਸ ਜੰਗਲ ਵਿੱਚੋਂ ਨਿਕਲਣ ਦੀ ਬੜੀ ਕੋਸ਼ਿਸ਼ ਕੀਤੀ, ਮੈਂ ਬੜਾ ਕੁਝ ਮੋਟੀਵੇਸ਼ਨਲ ਸੁਣਦੀ, ਪੜ੍ਹਦੀ, ਪਰ ਇਹ ਚੀਜ਼ਾਂ ਕੁਝ ਸਮੇਂ ਲਈ ਮੈਨੂੰ ਮੇਰੇ ਖਿਆਲਾਂ ਤੋਂ ਪਰੇ ਕਰਦੀ ਆਂ, ਮੇਰੀ ਰਾਤ ਦੀ ਨੀਂਦ ਵੀ ਡਿਸਟਰਬ ਰਹਿੰਦੀ, ਮੈਂ ਕੁਝ ਸਮੇਂ ਲਈ ਦਵਾਈਆਂ ਦਾ ਵੀ ਸਹਾਰਾ ਲਿਆ, ਪਰ ਦਵਾਈਆਂ ਸਿਰਫ ਨੀਂਦ ਲਿਆਉਂਦੀਆਂ ਹੋਰ ਕੁਝ ਨਾ ਕਰਦੀਆਂ, ਮੇਰੇ ਸੁਭਾਅ ਵਿੱਚ ਗੁੱਸਾ, ਚਿੜਚਿੜਾਪਣ, ਤੇ ਰੋਣਾ ਆ ਚੁੱਕਾ ਸੀ, ਮੇਰਾ ਛੋਟਾ ਜਿਹਾ ਪੁੱਤਰ ਮੇਰੇ ਸੁਭਾਅ ਤੋਂ ਬਹੁਤ ਡਰਦਾ ਸੀ, ਉਹ ਵੀ ਮੈਥੋਂ ਦੂਰ ਹੁੰਦਾ ਜਾ ਰਿਹਾ ਸੀ, ਕਿਉਂਕਿ ਕਈ ਵਾਰ ਮੈਂ ਉਸ ਤੇ ਵੀ ਹੱਥ ਚੁੱਕ ਲੈਂਦੀ ਸੀ, ਮੈਨੂੰ ਸਭ ਤੋਂ ਜਿਆਦਾ ਇਸ ਚੀਜ਼ ਨੇ ਪ੍ਰਭਾਵਿਤ ਕੀਤਾ ਕਿ ਮੇਰਾ ਬੇਟਾ ਮੇਰੇ ਤੋਂ ਟੁੱਟਦਾ ਜਾ ਰਿਹਾ ਸੀ, ਜਦੋਂ ਮੈਂ ਉਸ ਨਾਲ ਗੱਲ ਕਰਨਾ ਚਾਹੁੰਦੀ ਤਾਂ ਉਹ ਮੂੰਹ ਪਾਸੇ ਕਰ ਲੈਂਦਾ, ਤੇ ਮੈਂ ਪਿਆਰ ਨਾਲ ਉਸ ਦਾ ਹੱਥ ਫੜਦੀ ਤਾਂ ਉਹ ਹੱਥ ਛੁਡਾ ਲੈਂਦਾ, ਮੈਨੂੰ ਬੜਾ ਦੁੱਖ ਲੱਗਦਾ ਤੇ ਮਹਿਸੂਸ ਵੀ ਹੁੰਦਾ ਕਿ ਮੇਰਾ ਵਿਵਹਾਰ ਕਦੇ ਕਦੇ ਉਸ ਨਾਲ ਸਹੀ ਨਹੀਂ ਹੁੰਦਾ ਤਾਂ ਕਰਕੇ ਇਹ ਇਸ ਤਰ੍ਹਾਂ ਕਰ ਰਿਹਾ, ਮੈਂ ਹੌਲੀ ਹੌਲੀ ਆਪਣੇ ਆਪ ਤੇ ਕੰਮ ਕਰਨਾ ਸ਼ੁਰੂ ਕੀਤਾ, ਮੈਂ ਆਪਣੇ ਆਪ ਨੂੰ ਪੜਨਾ ਸ਼ੁਰੂ ਕੀਤਾ ਤੇ ਆਪਣੇ ਅੰਦਰਲੀਆਂ ਨਕਾਰਤਮਿਕ ਚੀਜ਼ਾਂ ਨੂੰ ਵੇਖਣਾ ਸ਼ੁਰੂ ਕੀਤਾ, ਮੈਂ ਆਪਣੇ ਸੁਭਾਅ ਨੂੰ ਬਦਲਣਾ ਸ਼ੁਰੂ ਕੀਤਾ, ਹੁਣ ਮੈਂ ਖੁਸ਼ ਰਹਿਣਾ ਸ਼ੁਰੂ ਕੀਤਾ, ਫਾਲਤੂ ਦੇ ਵਿਚਾਰਾਂ ਨੂੰ ਆਪਣੇ ਮਨ ਵਿੱਚੋਂ ਹਟਾਉਣਾ ਸ਼ੁਰੂ ਕੀਤਾ ਤੇ ਨਵੇਂ ਚੰਗੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਭਰਨਾ ਸ਼ੁਰੂ ਕੀਤਾ, ਹੌਲੀ ਹੌਲੀ ਮੈਨੂੰ ਇਸ ਕੰਮ ਵਿੱਚ ਕਾਮਯਾਬੀ ਹਾਸਲ ਹੋਈ, ਹੁਣ ਮੈਂ ਬਿਨਾਂ ਵਜਾ ਵੀ ਖੁਸ਼ ਹੋ ਜਾਂਦੀ ਸੀ, ਤੇ ਹਮੇਸ਼ਾ ਸ਼ਾਂਤ ਰਹਿੰਦੀ ਸੀ, ਇਉਂ ਲੱਗਦਾ ਸੀ ਜਿਵੇਂ ਮੈਨੂੰ ਕਦੇ ਗੁੱਸਾ ਹੀ ਨਾ ਆਇਆ ਹੋਵੇ, ਕਾਫੀ ਸਮਾ ਚੁੱਪ ਤੇ ਸ਼ਾਂਤ ਰਹਿੰਦੀ ਇਦਾਂ ਹੀ ਬੈਠੀ ਰਹਿੰਦੀ ਤੇ ਆਪਣੇ ਆਪ ਨੂੰ ਜਾਣਦੀ ਤੇ ਸਮਝਦੀ, ਬਹੁਤ ਕੁਝ ਮੈਂ ਆਪਣੇ ਮਨ ਅੰਦਰ ਅਜਿਹਾ ਸ਼ਾਮਿਲ ਕਰ ਲਿਆ ਸੀ, ਜਿਸ ਨੇ ਮੇਰੇ ਮਨ ਦੀ ਸ਼ਾਂਤੀ ਖੋ ਲਈ ਸੀ, ਹੁਣ ਮੈਂ ਹੌਲੀ ਹੌਲੀ ਉਨਾ ਸਭ ਵਿਚਾਰਾਂ ਨੂੰ ਆਪਣੇ ਮਨ ਵਿੱਚੋਂ ਕੱਢ ਰਹੀ ਸੀ, ਮਨ ਦਾ ਉਹ ਖਾਲੀਪਨ ਮੈਂ ਹਾਸੇ, ਚਾਵਾਂ ਤੇ ਖੁਸ਼ੀਆਂ ਨਾਲ ਭਰ ਰਹੀ ਸੀ, ਸਾਡੇ ਘਰ ਦਾ ਮਾਹੌਲ ਬਹੁਤ ਸੋਹਣਾ ਹੋ ਰਿਹਾ ਸੀ, ਜਿਸ ਚੀਜ਼ ਦਾ ਮੈਨੂੰ ਦੁੱਖ ਸੀ ਉਹ ਵੀ ਹੁਣ ਨਹੀਂ ਰਿਹਾ, ਮੇਰਾ ਬੇਟਾ ਹੁਣ ਮੇਰੇ ਨਾਲ ਬਹੁਤ ਸਮਾਂ ਬਤੀਤ ਕਰਦਾ ਸੀ ਤੇ ਹੱਸਦਾ ਖੇਡਦਾ ਸੀ, ਹੁਣ ਉਹ ਮੇਰੇ ਨਾਲ ਆਪਣੇ ਸਕੂਲ ਦੀ ਹਰ ਗੱਲ ਸਾਂਝੀ ਕਰਦਾ ਸੀ ਤੇ ਰੋਜ਼ ਸਕੂਲੋਂ ਆ ਕੇ ਮੈਨੂੰ ਘੁੱਟ ਕੇ ਜੱਫੀ ਪਾਉਂਦਾ ਸੀ ਤੇ ਜਾਣ ਸਮੇਂ ਵੀ ਮੈਨੂੰ ਜੱਫੀ ਪਾ ਕੇ ਮਿਲ ਕੇ ਜਾਂਦਾ ਸੀ, ਇਹ ਮੇਰੇ ਸੁਭਾਅ ਦਾ ਬਦਲ ਜਾਣਾ ਸੀ ਜੋ ਮੇਰੀ ਜ਼ਿੰਦਗੀ ਤੇ ਮੇਰੇ ਪਰਿਵਾਰ ਦਾ ਮਾਹੌਲ ਬਦਲ ਰਿਹਾ ਸੀ, ਹੁਣ ਮੇਰਾ ਬੇਟਾ ਛੁੱਟੀ ਵਾਲੇ ਦਿਨ ਜਦੋਂ ਘਰ ਹੁੰਦਾ ਤਾਂ ਇੱਕ ਦੋ ਵਾਰ ਜਰੂਰ ਆ ਕੇ ਮੇਰੇ ਕੰਨ ਵਿੱਚ ਬੋਲਦਾ ਮੇਰੀ ਪਿਆਰੀ ਮੰਮਾ, ਇਹ ਸ਼ਬਦ ਮੇਰੇ ਲਈ ਬਹੁਤ ਹੀ ਸਕੂਨ ਭਰੇ ਤੇ ਮਨ ਨੂੰ ਠਾਰਨ ਵਾਲੇ ਹੁੰਦੇ, ਮੈਂ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਕੀਮਤੀ ਸਮਾਂ ਫਾਲਤੂ ਦੇ ਵਿਚਾਰਾਂ, ਭੂਤ ਕਾਲ ਦੀਆਂ ਯਾਦਾਂ ਤੇ ਭਵਿੱਖ ਦੀ ਚਿੰਤਾ ਵਿੱਚ ਗੁਆਇਆ, ਪਰ ਹੁਣ ਮੈਨੂੰ ਸਮਝ ਲੱਗ ਚੁੱਕੀ ਸੀ ਕਿ ਜੋ ਵੀ ਹੈ ਉਹ ਵਰਤਮਾਨ ਹੈ ,ਉਹ ਹੁਣ ਹੈ ,ਉਹ ਹੁਣ ਜਿਉਣ ਵਾਲਾ ਇਹ ਪਲ ਹੈ, ਜਿਸ ਨੂੰ ਅਸੀਂ ਬਹੁਤ ਹੀ ਖੂਬਸੂਰਤ ਢੰਗ ਨਾਲ ਜਿਉਣਾ ਹੈ, ਸਾਡੇ ਮਨ ਦਾ ਸੁਭਾਅ ਹੈ ਸੋਚਣਾ, ਬਹੁਤ ਜਿਆਦਾ ਸੋਚਣਾ, ਪਰ ਅਸੀਂ ਇਸ ਨੂੰ ਜਾਣਦੇ ਹੋਏ, ਜ਼ਿੰਦਗੀ ਵਿੱਚ ਅੱਗੇ ਵਧਣਾ ਹੈ, ਮਿਹਨਤ ਕਰਨੀ ਹੈ ,ਵਰਤਮਾਨ ਵਿੱਚ ਜਿਉਣਾ ਹੈ, ਤੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੇ ਹਰ ਰਿਸ਼ਤੇ ਦੀ ਕਦਰ ਕਰਨੀ ਹੈ, ਕੁਝ ਚੰਗਾ ਮਿਲੇਗਾ ਇਸ ਦੀ ਉਮੀਦ ਕਿਤੇ ਵੀ ਨਾ ਹਰ ਕਿਸੇ ਦਾ ਚੰਗਾ ਕਰਨਾ ਹੈ, ਕਦੇ ਵੀ ਕਿਸੇ ਦਾ ਦਿਲ ਨਹੀਂ ਦੁਖਾਉਣਾ, ਤੇ ਆਪਣੇ ਆਪ ਨੂੰ ਪਿਆਰ ਕਰਦੇ ਹੋਏ ਸਭ ਨੂੰ ਪਿਆਰ ਕਰਨਾ ਹੈ, ਆਪਣੇ ਆਪ ਦਾ ਸਤਿਕਾਰ ਕਰਦੇ ਹੋਏ ਸਭ ਦਾ ਸਤਿਕਾਰ ਕਰਨਾ ਹੈ, ਪਰ ਸ਼ੁਰੂਆਤ ਖੁਦ ਤੋਂ ਕਰਨੀ ਹੈ।



ਗੁਰਮੀਤ ਕੌਰ ਕਾਹਲੋਂ
ਗਗੜਪੁਰ (ਸੰਗਰੂਰ)

# ਇਨਸਾਨੀਅਤ: ਮਨੁੱਖਤਾ ਦੀ ਅਸਲ ਪਹਿਚਾਣ

ਇਨਸਾਨੀਅਤ ਮਨੁੱਖਤਾ ਦੀ ਸਭ ਤੋਂ ਵੱਡੀ ਪਹਿਚਾਣ ਹੈ। ਧਨ, ਦੌਲਤ, ਅਹੁਦਾ ਜਾਂ ਸ਼ੋਹਰਤ ਇਨਸਾਨ ਨੂੰ ਵੱਡਾ ਨਹੀਂ ਬਣਾਉਂਦੇ ਸਗੋਂ ਉਸਦਾ ਚੰਗਾ ਚਰਿੱਤਰ ਅਤੇ ਦਇਆਭਾਵ ਉਸਨੂੰ ਸਚਮੁੱਚ ਮਹਾਨ ਬਣਾਉਂਦੇ ਹਨ। ਜਦੋਂ ਅਸੀਂ ਕਿਸੇ ਮੁਸੀਬਤਜ਼ਦਾ ਦੀ ਮਦਦ ਕਰਦੇ ਹਾਂ, ਤਦੋਂ ਅਸਲ ਇਨਸਾਨੀਅਤ ਦੀ ਝਲਕ ਨਜ਼ਰ ਆਉਂਦੀ ਹੈ। ਅੱਜ ਦੇ ਦੌਰ ਵਿੱਚ ਤਕਨਾਲੋਜੀ ਅਤੇ ਦੌੜ-ਭੱਜ ਵਾਲ਼ੀ ਜ਼ਿੰਦਗੀ ਕਾਰਨ ਲੋਕ ਇੱਕ-ਦੂਜੇ ਤੋਂ ਦੂਰ ਹੁੰਦੇ ਜਾ ਰਹੇ ਹਨ। ਸਵਾਰਥ ਅਤੇ ਲਾਲਚ ਨੇ ਮਨੁੱਖ ਦੇ ਦਿਲਾਂ ਵਿੱਚ ਕਠੋਰਤਾ ਪੈਦਾ ਕਰ ਦਿੱਤੀ ਹੈ ਪਰ ਅਜਿਹੇ ਸਮੇਂ ਵਿੱਚ ਵੀ ਕਈ ਲੋਕ ਬਿਨਾਂ ਕਿਸੇ ਲਾਭ ਦੀ ਆਸ ਤੋਂ ਸੇਵਾ ਕਰਦੇ ਹਨ। ਹਸਪਤਾਲਾਂ ਵਿੱਚ ਗਰੀਬ ਮਰੀਜ਼ਾਂ ਦੀ ਸਹਾਇਤਾ ਕਰਨ ਵਾਲੇ ਡਾਕਟਰ, ਲੰਗਰਾਂ ਵਿੱਚ ਸੇਵਾ ਕਰਨ ਵਾਲੇ ਸੇਵਾਦਾਰ ਅਤੇ ਮੁਸੀਬਤ ਵੇਲੇ ਖੂਨਦਾਨ ਕਰਨ ਵਾਲ਼ੇ ਦਾਨੀ। ਇਹ ਸਾਰੇ ਇਨਸਾਨੀਅਤ ਦੀ ਜਿਉਂਦੀ-ਜਾਗਦੀ ਉਦ-ਾਹਰਣ ਹਨ। ਇਨਸਾਨੀਅਤ ਸਾਨੂੰ ਸਿਖਾਉਂਦੀ ਹੈ ਕਿ ਹਰ ਮਨੁੱਖ ਇੱਕੋ ਵਰਗਾ ਹੈ। ਨਾ ਕੋਈ ਉੱਚਾ ਹੈ ਨਾ ਕੋਈ ਨੀਵਾਂ। ਜਾਤ-ਪਾਤ, ਧਰਮ ਜਾਂ ਭਾਸ਼ਾ ਦੇ ਆਧਾਰ ‘ਤੇ ਭੇਦਭਾਵ ਕਰਨਾ ਮਨੁੱਖਤਾ ਦੇ ਖਿਲਾਫ ਹੈ। ਸੱਚੀ ਤਰੱਕੀ ਤਦੋਂ ਹੀ ਸੰਭਵ ਹੈ ਜਦੋਂ ਅਸੀਂ ਇਕ-ਦੂਜੇ ਨਾਲ ਪਿਆਰ, ਸਤਿਕਾਰ ਅਤੇ ਸਹਿਯੋਗ ਨਾਲ ਰਹੀਏ। ਅੰਤ ਵਿੱਚ, ਸਾਨੂੰ ਆਪਣੇ ਅੰਦਰ ਦਇਆ, ਮਾਫ਼ੀ ਅਤੇ ਸਹਿਣਸ਼ੀਲਤਾ ਦੇ ਗੁਣ ਵਿਕਸਤ ਕਰਨੇ ਚਾਹੀਦੇ ਹਨ। ਛੋਟੀਆਂ-ਛੋਟੀਆਂ ਨੇਕੀਆਂ ਜਿਵੇਂ ਕਿਸੇ ਲੋੜਵੰਦ ਦੀ ਮਦਦ ਕਰਨਾ, ਬੁਜ਼ੁਰਗਾਂ ਦਾ ਆਦਰ ਕਰਨਾ ਜਾਂ ਕਿਸੇ ਨੂੰ ਹੌਸਲਾ ਦੇਣਾ ਸਮਾਜ ਵਿੱਚ ਵੱਡਾ ਬਦਲਾਅ ਲਿਆ ਸਕਦੀਆਂ ਹਨ। ਇਨਸਾਨੀਅਤ ਹੀ ਉਹ ਰੋਸ਼ਨੀ ਹੈ ਜੋ ਦੁਨੀਆ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਵੱਲ ਲੈ ਜਾਂਦੀ ਹੈ। ਇਸ ਲਈ ਆਓ, ਅਸੀਂ ਸਭ ਇਨਸਾਨੀਅਤ ਨੂੰ ਆਪਣੀ ਜ਼ਿੰਦਗੀ ਦਾ ਅਸਲ ਮੰਤਵ ਬਣਾਈਏ।



ਜੈ ਦੇਵ ਸਿੰਘ
(ਲੈਕਚਰਾਰ)
ਰੋਪੜ
98760 15699

# ਮਹਿਲਾਵਾਂ ਦੀ ਸਵੈ-ਨਿਰਭਰਤਾ

## (ਸਮਾਜਿਕ ਵਿਕਾਸ ਅਤੇ ਰਾਸ਼ਟਰ ਦੀ ਤਰੱਕੀ ਵੱਲ ਇੱਕ ਮਜ਼ਬੂਤ ਕਦਮ)

ਇੱਕ ਵਿਕਸਤ ਅਤੇ ਤਾਕਤਵਰ ਸਮਾਜ ਦੀ ਅਸਲੀ ਪਹਿਚਾਣ ਉਸ ਵਿੱਚ ਮਹਿਲਾਵਾਂ ਦੇ ਦਰਜੇ ਅਤੇ ਉਨ੍ਹਾਂ ਨੂੰ ਮਿਲ ਰਹੇ ਮੌਕਿਆਂ ਨਾਲ ਹੁੰਦੀ ਹੈ। ਮਹਿਲਾਵਾਂ ਦਾ ਸਵੈ ਨਿਰਭਰ ਹੋਣਾ ਕਿਸੇ ਵੀ ਰਾਸ਼ਟਰ ਦੀ ਤਰੱਕੀ ਲਈ ਬਹੁਤ ਹੀ ਮਹੱਤਵਪੂਰਣ ਹੈ। ਜਦੋਂ ਇੱਕ ਔਰਤ ਖੁਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ, ਤਦ ਉਹ ਸਿਰਫ਼ ਆਪਣੀ ਹੀ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਦੀ ਤਕਦੀਰ ਬਦਲਣ ਦੀ ਸਮਰੱਥਾ ਰੱਖਦੀ ਹੈ। ਸਿੱਖਿਆ, ਰੋਜ਼ਗਾਰ ਅਤੇ ਬਰਾਬਰ ਮੌਕੇ ਮਹਿਲਾਵਾਂ ਨੂੰ ਆਪਣੇ ਸੁਪਨੇ ਪੂਰੇ ਕਰਨ ਅਤੇ ਆਪਣੀ ਆਵਾਜ਼ ਬੁਲੰਦ ਕਰਨ ਦੀ ਤਾਕਤ ਦਿੰਦੇ ਹਨ। ਜਦੋਂ ਔਰਤ ਖੁਦਮੁਖ਼ਤਿਆਰ ਬਣਦੀ ਹੈ, ਉਹ ਆਪਣੇ ਹੱਕਾਂ ਲਈ ਡਟ ਕੇ ਖੜ੍ਹਦੀ ਹੈ, ਗ਼ਲਤ ਰਿਵਾਜਾਂ ਨੂੰ ਚੁਣੌਤੀ ਦਿੰਦੀ ਹੈ ਅਤੇ ਨਵੇਂ ਵਿਚਾਰਾਂ ਨਾਲ ਸਮਾਜ ਨੂੰ ਰੌਸ਼ਨ ਕਰਦੀ ਹੈ।

ਸਵੈ ਨਿਰਭਰਤਾ ਕੀ ਹੈ:-

ਸਵੇ ਨਿਰਭਰਤਾ ਦਾ ਅਰਥ ਹੈ ਆਪਣੀ ਜ਼ਿੰਦਗੀ ਦੇ ਫ਼ੈਸਲੇ ਖੁਦ ਲੈਣਾ, ਆਪਣੇ ਹੱਕਾਂ ਅਤੇ ਜ਼ਰੂਰਤਾਂ ਲਈ ਕਿਸੇ ਤੇ ਨਿਰਭਰ ਨਾ ਰਹਿਣਾ ਅਤੇ ਆਪਣੀ ਦਿਸ਼ਾ ਜਾ ਟੀਚੇ ਆਪ ਨਿਰਧਾਰਤ ਕਰਨਾ। ਜਦੋਂ ਮਹਿਲਾ ਇਹ ਯੋਗਤਾ ਹਾਸਲ ਕਰਦੀ ਹੈ, ਉਹ ਸਿਰਫ਼ ਆਪਣੇ ਲਈ ਹੀਂ ਨਹੀਂ, ਸਗੋਂ ਪੂਰੇ ਸਮਾਜ ਲਈ ਪ੍ਰੇਰਣਾ ਦਾ ਸਰੋਤ ਬਣਦੀ ਹੈ। ਸਵੈ ਨਿਰਭਰ ਮਹਿਲਾ ਆਪਣੇ ਫੈਸਲੇ ਬਿਨਾਂ ਕਿਸੇ ਡਰ ਦੇ ਲੈ ਸਕਦੀ ਹੈ।

ਸਵੇ ਨਿਰਭਰ ਮਹਿਲਾਵਾਂ ਦੇ ਮੁੱਖ ਲਾਭ :-

1. ਆਰਥਿਕ ਆਜ਼ਾਦੀ:- ਆਪਣੀ ਕਮਾਈ ਨਾਲ ਆਤਮ-ਵਿਸ਼ਵਾਸ ਤੇ ਖੁਦਮੁਖ਼ਤਿਆਰੀ। ਆਪਣਾ ਖਰਚਾ ਆਪ ਚਲਾਉਣ ਨਾਲ ਮਹਿਲਾ ਨੂੰ ਆਪਾਂ ਰੋਜ਼ਾਨਾ ਜੀਵਨ ਦੀਆਂ ਜ਼ਰੂਰਤਾਂ ਲਈ ਕਿਸੇ ਹੋਰ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ।

2. ਸਿੱਖਿਆ ਅਤੇ ਸੂਝ-ਬੂਝ:- ਪੜ੍ਹੀ-ਲਿਖੀ ਮਹਿਲਾ ਆਪਣੇ ਹੱਕਾਂ ਦੀ ਰੱਖਿਆ ਕਰਦੀ ਅਤੇ ਨਵੀਆਂ ਸੋਚਾਂ ਨੂੰ ਜਨਮ ਦਿੰਦੀ ਹੈ। ਸਿੱਖਿਅਤ ਮਹਿਲਾ ਬੱਚਿਆਂ ਅਤੇ ਪਰਿਵਾਰ ਲਈ ਇੱਕ ਮਿਸਾਲ ਬਣਦੀ ਹੈ। ਜਿਸ ਘਰ ਵਿੱਚ ਮਾਂ ਪੜ੍ਹੀ ਲਿਖੀ ਹੋਵੇ ਉਸ ਘਰ ਦੇ ਬੱਚਿਆ ਨੂੰ ਪੜ੍ਹਾਉਣਾ ਸੌਖਾ ਹੋ ਜਾਂਦਾ ਹੈ।

3. ਸਮਾਜਿਕ ਮਾਣ-ਸਨਮਾਨ:- ਸਵੈ ਨਿਰਭਰ ਮਹਿਲਾ ਪਰਿਵਾਰ ਤੇ ਸਮਾਜ ਵਿੱਚ ਉੱਚਾ ਦਰਜਾ ਹਾਸਲ ਕਰਦੀ ਹੈ। ਉਸਦੀ ਰਾਇ ਘਰੇਲੂ ਅਤੇ ਸਮਾਜਕ ਫੈਸਲਿਆਂ ਵਿੱਚ ਮਹੱਤਵਪੂਰਨ ਬਣਦੀ ਹੈ। ਪੰਚਾਇਤਾਂ, ਗਰੁੱਪਾਂ ਅਤੇ ਸਮਾਜਿਕ ਸੰਸਥਾਵਾਂ ਵਿੱਚ ਵੀ ਭਾਗ ਲੈ ਸਕਦੀ ਹੈ।

4. ਫ਼ੈਸਲਾ ਲੈਣ ਦੀ ਸਮਰੱਥਾ:- ਆਪਣੀ ਮਿਹਨਤ ਨਾਲ ਕਮਾਈ ਹੋਈ ਰਕਮ ਮਹਿਲਾ ਨੂੰ ਆਪਣੇ ਫ਼ੈਸਲੇ ਲੈਣ ਦੀ ਹਿੰਮਤ ਦਿੰਦੀ ਹੈ। ਜੀਵਨ ਦੇ ਮਹੱਤਵਪੂਰਨ ਫੈਸਲਿਆ ਵਿੱਚ ਖੁਦ ਅਗੇ ਵਧਦੀ ਹੈ।

ਸਵੈ ਨਿਰਭਰ ਬਣਨ ਦੇ ਰਾਹ:-

1. ਪੈਸੇ ਦੀ ਜਾਣਕਾਰੀ :- ਬਜਟ ਬਣਾਉਣਾ, ਬਚਤ ਕਰਨੀ, ਬੈਂਕਿੰਗ ਸੇਵਾਵਾਂ ਲੈਣਾ ਤੇ ਪੈਸਾ ਲਗਾਉਣਾ ਸਿੱਖੋ। ਮਹਿਲਾਵਾਂ ਛੋਟੇ ਲੋਨ ਜਾਂ ਪੈਸਿਆਂ ਦੀ ਬਚਤ ਕਰਕੇ ਆਪਣਾ ਕੰਮ ਸ਼ੁਰੂ ਕਰ ਸਕਦੀਆਂ ਹਨ।

2. ਡਿਜ਼ਿਟਲ ਹੁਨਰ :- ਫੋਨ, ਕੰਪਿਊਟਰ ਤੇ ਇੰਟਰਨੈੱਟ ਵਰਤਣਾ ਸਿੱਖੋ। ਇਸ ਨਾਲ ਆਨਲਾਈਨ ਸਮਾਨ ਵੇਚਣਾ, ਛੋਟਾ ਔਨਲਾਈਨ ਕਾਰੋਬਾਰ ਚਲਾਉਣਾ ਆਸਾਨ ਹੁੰਦਾ ਹੈ।

3. ਨੈੱਟਵਰਕਿੰਗ :- ਪਹਿਲਾਂ ਤੋਂ ਕੰਮਕਾਜ਼ ਕਰਨ ਵਾਲਿਆਂ ਮਹਿਲਾਵਾਂ ਜਾਂ ਬਿਜ਼ਨਸ ਗਰੁੱਪਾਂ ਨਾਲ ਮਿਲੋ। ਆਪਣੇ ਵਿਚਾਰ ਸਾਂਝੇ ਕਰਕੇ ਅਤੇ ਆਪਣੇ ਹੁਨਰ ਬਾਰੇ ਗੱਲ ਕਰਕੇ ਨਵੀਆਂ ਨੌਕਰੀਆਂ, ਸਾਥੀ ਤੇ ਚੰਗੀ ਸਲਾਹ ਮਿਲਦੀ ਹੈ।

4. ਵੇਸਟ ਵਿਚੋਂ ਵੈਸਟ ਬਣਾਉਣ ਦੀ ਕਲਾ :- ਘਰ ਵਿੱਚ ਵੇਸਟ ਪਏ ਸਮਾਨ ਤੋਂ ਕੁਝ ਨਵਾਂ ਬਣਾਉਣਾ ਦਾ ਹੁਨਰ ਵੀ ਬਹੁਤ ਕੰਮ ਆ ਸਕਦਾ ਹੈ। ਅਜਿਹੇ ਕੰਮ ਵਿੱਚ ਆਪਣੀ ਲਾਗਤ ਬਹੁਤ ਘੱਟ ਲਗਦੀ ਹੈ ਪਰ ਮਿਹਨਤ ਨਾਲ ਅਸੀਂ ਕੁਝ ਨਵਾਂ ਬਣਾ ਸਕਦੇ ਹਾਂ।

5. ਰਚਨਾਤਮਕ ਹੁਨਰ :- ਕੁਝ ਮਹਿਲਾਵਾਂ ਵਿੱਚ ਗਾਇਕੀ, ਚਿੱਤਰਕਲਾ, ਕ੍ਰਾਫਟ ਜਾਂ ਲੋਕ ਕਲਾ ਦਾ ਹੁਨਰ ਹੁੰਦਾ ਹੈ। ਉਹ ਇਸਨੂੰ ਵੀ ਆਪਣਾ ਰੋਜ਼ਗਾਰ ਬਣਾ ਸਕਦੀਆਂ ਹਨ। ਮਾਰਕੀਟ ਜਾਂ ਆਨਲਾਈਨ ਵੇਚ ਕੇ ਪੈਸਾ ਕਮਾਇਆ ਜਾ ਸਕਦਾ ਹੈ।

ਨਤੀਜਾ:-

ਮਹਿਲਾਵਾਂ ਦੀ ਸਵੈ ਨਿਰਭਰਤਾ ਕੇਵਲ ਉਨ੍ਹਾਂ ਲਈ ਨਹੀਂ, ਪੂਰੇ ਰਾਸ਼ਟਰ ਦੀ ਤਰੱਕੀ ਦਾ ਰਾਹ ਹੈ। ਜਦੋਂ ਮਹਿਲਾਵਾਂ ਆਤਮ-ਗੌਰਵ ਨਾਲ ਖੁਦ ਫ਼ੈਸਲੇ ਲੈਂਦੀਆਂ ਹਨ, ਤਾਂ ਫਿਰ ਪਰਿਵਾਰ ਮਜ਼ਬੂਤ ਹੁੰਦਾ ਹੈ, ਸਮਾਜ ਸੰਵੇਦਨਸ਼ੀਲ ਬਣਦਾ ਹੈ ਅਤੇ ਦੇਸ਼ ਵਿਕਸਤ ਰਾਹ 'ਤੇ ਦੌੜਦਾ ਹੈ। ਅੱਜ ਤੇ ਸਮੇਂ ਵਿੱਚ ਸਵੈ ਨਿਰਭਰ ਮਹਿਲਾਵਾਂ ਹਰ ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਕਿੱਤੇ ਵਿੱਚ ਆਪਣਾ ਨਾਮ ਕਮਾ ਰਹੀਆਂ ਹਨ। ਇਹ ਸਾਡੇ ਭਾਰਤ ਦੇਸ਼ ਲਈ ਬਹੁਤ ਮਾਣ ਵਾਲੀ ਗੱਲ ਹੈ। ਭਾਰਤ ਨੂੰ ਵਿਕਸਿਤ ਅਤੇ ਸੁਰੱਖਿਅਤ ਬਣਾਉਣ ਲਈ ਸਾਡੇ ਹਰ ਇੱਕ ਦਾ ਫਰਜ਼ ਹੈ ਕਿ ਮਹਿਲਾਵਾਂ ਦੀ ਸਿੱਖਿਆ, ਰੋਜ਼ਗ-ਾਰ ਅਤੇ ਸਵੈ ਨਿਰਭਰਤਾ ਨੂੰ ਸਭ ਤੋਂ ਵੱਡੀ ਤਰਜੀਹ ਦਿੱਤੀ ਜਾਵੇ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**8427791277**

# ਡਿਜਾਸਟਰ ਰੈਸਕਿਊਅਰਜ਼ ਪੰਜਾਬ ਦੀ ਮੀਟਿੰਗ ਸਫਲ, ਮੁੱਖ ਮਹਿਮਾਨਾਂ ਵੱਲੋਂ ਨਵੇਂ ਮੈਂਬਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ





**ਲੁਧਿਆਣਾ(ਹਰਜੋਤ ਸਿੰਘ)** ਡਿਜਾਸਟਰ ਰੈਸਕਿਊਅਰਜ਼ ਪੰਜਾਬ ਵੱਲੋਂ ਅੱਜ ਲੁਧਿਆਣਾ ਵਿੱਚ ਨਵੇਂ ਨਿਯੁਕਤ ਮੈਂਬਰਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਦਾ ਸਫਲ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਸ਼੍ਰੀ ਸੁਖਵਿੰਦਰ ਸਿੰਘ ਬਿੰਦਰਾ (ਨੇਸ਼ਨਲ ਮੈਂਬਰ, ਐਨਆਈਐਸਡੀ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ) ਅਤੇ ਸ਼੍ਰੀ ਕੁਲਵੰਤ ਸਿੰਘ ਸਿੱਧੂ (ਵਿਧਾਇਕ, ਆਤਮ ਨਗਰ, ਲੁਧਿਆਣਾ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਮੁੱਖ ਮਹਿਮਾਨਾਂ ਵੱਲੋਂ ਸਾਰੇ ਨਵੇਂ ਮੈਂਬਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਅਤੇ ਉਨ੍ਹਾਂ ਨੂੰ ਸਮਾਜ ਸੇਵਾ ਅਤੇ ਆਫਤ ਪ੍ਰਬੰਧਨ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ 'ਤੇ ਸੰਸਥਾ ਦੇ ਸਟੇਟ ਪ੍ਰੈਜ਼ੀਡੈਂਟ ਸ਼੍ਰੀ ਹਰਕਿਰਤ ਸਿੰਘ ਅਰੋੜਾ ਨੇ ਮੁੱਖ ਮਹਿਮਾਨਾਂ ਅਤੇ ਸਾਰੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਡਿਜਾਸਟਰ ਰੈਸਕਿਊਅਰਜ਼ ਪੰਜਾਬ ਦੀ ਟੀਮ ਹਰ ਕਿਸਮ ਦੀ ਆਫਤ ਵਿੱਚ ਰਾਜ ਸਰਕਾਰ ਨਾਲ ਮਿਲ ਕੇ ਕੰਮ ਕਰਨ ਲਈ ਹਮੇਸ਼ਾਂ ਤਿਆਰ ਰਹੇਗੀ। ਉਨ੍ਹਾਂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਹਰ ਮਹੀਨੇ ਆਫਤ ਪ੍ਰਬੰਧਨ ਸਬੰਧੀ ਟ੍ਰੇਨਿੰਗ ਕੈਂਪ ਲਗਾਏ ਜਾਣਗੇ, ਤਾਂ ਜੋ ਆਮ ਲੋਕਾਂ ਨੂੰ ਆਫਤ ਦੇ ਸਮੇਂ ਸਹੀ ਜਾਣਕਾਰੀ ਅਤੇ ਟ੍ਰੇਨਿੰਗ ਪ੍ਰਦਾਨ ਕੀਤੀ ਜਾ ਸਕੇ। ਕਾਰਜਕ੍ਰਮ ਦੌਰਾਨ ਸਾਰੇ ਨਵੇਂ ਮੈਂਬਰਾਂ ਨੇ ਸਮਾਜ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਦਿਖਾਈ ਅਤੇ ਸੰਸਥਾ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦਾ ਸੰਕਲਪ ਲਿਆ।

for more news visit:
www.samajweekly.com

## ਗੱਲ 24 ਮਾਰਚ

ਇਹ ਵੀ ਸਬੱਬ ਹੀ ਹੈ ਕਿ ਮੇਰੇ ਭਤੀਜੇ ਸੰਗੀਤ ਸੇਠੀ ਦਾ ਜਨਮ ਮੇਰੀ ਸ਼ਾਦੀ ਤੋਂ ਠੀਕ ਪੰਜ ਸਾਲ ਬਾਅਦ ਇਸੇ ਦਿਨ ਹੀ ਹੋਇਆ। ਹੁਣ ਪਤਾ ਨਹੀਂ ਕਿਉਂ ਸਾਡੀ ਸ਼ਾਦੀ ਦੀ ਸਾਲਗਿਰਾਹ ਤੇ ਇਸਦਾ ਜਨਮਦਿਨ ਸੇਮ ਡੇ ਆਉਂਦਾ ਹੈ। ਫਿਰ ਅਸੀਂ ਇੱਕੋ ਕੇਕ ਨਾਲ ਸਾਰ ਲੈਂਦੇ ਹਾਂ। ਅਕਸਰ ਉਸ ਦੇ ਹੈਪੀ ਬਰਥਡੇ ਵਾਲੇ ਕੇਕ ਤੇ ਦੁਬਾਰਾ ਛੁਰੀ ਚਲਾਕੇ ਤਾੜੀਆਂ ਵਜਵਾ ਲੈਂਦੇ ਹਾਂ ਤੇ ਕਈ ਵਾਰੀ ਉਹ ਸਾਡੇ ਹੈਪੀ ਐਨਵਰਸਰੀ ਵਾਲੇ ਕੇਕ ਤੇ ਆਪਣੀ ਕਾਰਵਾਈ ਪਾ ਦਿੰਦਾ ਹੈ। ਇੱਥੇ ਗੱਲ ਕੇਕ ਦੀ ਨਹੀਂ ਪਿਆਰ ਦੀ ਹੈ। ਦਿਲਾਂ ਦੀ ਸਾਂਝ ਦੀ ਹੈ। ਇਕਤਾਲੀ ਸਾਲ ਹੋਗੇ ਸਾਡੇ ਵਿਆਹ ਨੂੰ ਤੇ ਇਹ ਸਿਲਸਿਲਾ ਕਾਫੀ ਸਮੇਂ ਤੋਂ ਇੰਜ ਹੀ ਚਲਦਾ ਆ ਰਿਹਾ ਹੈ। ਮੇਰੇ ਯਾਦ ਹੈ ਚੌਵੀ ਮਾਰਚ ਵੀਹ ਸੌ ਦਸ ਨੂੰ ਸਾਡੀ ਸਿਲਵਰ ਜੁਬਲੀ ਸੀ ਵੱਡਾ ਫੰਕਸ਼ਨ ਸੀ ਉਸ ਦਿਨ ਵੀ ਅਸੀਂ ਐਨਵਰਸਰੀ ਦੇ ਨਾਲ ਹੀ ਜਨਮਦਿਨ ਮਨਾਇਆ ਸੀ। ਇਸ ਵਾਰ ਸਾਡੇ ਦਰਮਿਆਨ ਕੋਈ 9000 ਕਿਲੋਮੀਟਰ ਦੀ ਦੂਰੀ ਹੈ।

ਅਸੀਂ ਆਪਣੀ ਜਨਮਭੂਮੀ ਤੋਂ ਦੂਰ ਹਾਂ। ਬੱਚੇ ਸਾਲਗਿਰਾਹ ਮਨਾਉਣਗੇ ਪਰ ਕੇਕ ਵੇਲੇ ਸੰਗੀਤ ਦਾ ਜਨਮਦਿਨ ਵੀ ਯਾਦ ਰਹੇਗਾ। ਹੈਪੀ ਬਰਥਡੇ ਸੰਗੀਤ ਸੇਠੀ। ਹੁਣ ਸ਼ਾਦੀ ਦੀ ਸਾਲ ਗਿਰਾਹ ਦੀ ਗੱਲ ਕਰਦੇ ਹਾਂ। ਮੈਨੂੰ ਇੰਜ ਲਿਖਣਾ ਔਖਾ ਲੱਗਦਾ ਹੈ ਕਿ ਪਤਾ ਨਹੀਂ ਲੱਗਿਆ ਕਿ 40ਸਾਲ ਕਿਵੇਂ ਬੀਤ ਗਏ। ਨਾ ਭਾਈ ਇੱਕ ਇੱਕ



ਦਿਨ ਯਾਦ ਹੈ ਜੋ ਹੱਸਕੇ, ਰੋਕੇ,ਗੁੱਸੇ ਵਿੱਚ ਅਤੇ ਰੁੱਸਕੇ ਬਿਤਾਇਆ। ਇੰਨੇ ਸਫ਼ਰ ਵਿੱਚ



ਦੁੱਖ ਸੁੱਖ ਖੁਸ਼ੀਆਂ ਗਮੀਆਂ ਆਉਣੀਆਂ ਸੁਭਾਵਿਕ ਹਨ। ਮੈਂ ਅਕਸਰ ਹੀ ਆਪਣਾ ਸੇਠੀਪੁਣਾ ਵਿਖਾਉਂਦਾ ਰਹਿੰਦਾ ਹਾਂ ਤੇ ਉਹ ਠਹਿਰੀ ਔਰਤਜਾਤ। ਉਹ ਵੀ ਆਪਣੇ ਰੰਗ ਵਿਖਾਉਂਦੀ ਰਹਿੰਦੀ ਹੈ। ਇਹ ਹੀ ਅਸਲ ਜਿੰਦਗੀ ਹੈ। ਫਿਰ ਅਕਸਰ ਹੀ ਮੋਦੀ ਤੇ ਟਰੰਪ ਵਾਲੇ ਰਿਸ਼ਤੇ ਬਣਦੇ ਰਹਿੰਦੇ ਹਨ। ਪਰ ਅਸੀਂ ਤਾਂ ਮੂਲਰੂਪ ਵਿੱਚ ਇੱਕ ਹਾਂ। ਸਰਕਾਰੀ ਮਹਿਮੇ ਵਾਲੇ ਸ਼ਾਸ਼ਤਰੀ ਨੇ ਫੇਰਿਆਂ ਵੇਲੇ ਪੱਕੀਆਂ ਸੌਹਾਂ ਪਵਾਈਆਂ ਸਨ। ਉਸਦੇ ਕਹਿਣ ਤੇ ਚਕਲੇ ਤੇ ਬਣੀਆਂ ਆਟੇ ਦੀਆਂ ਲਕੀਰਾਂ ਮਿਟਾਈਆਂ ਸਨ। ਇਧਰਲੇ ਪੰਡਿਤ ਰਮੇਸ਼ਵਰ ਸ਼ਰਮਾ ਨੇ ਵੀ ਸਮਝਾਉਣ ਵਾਲ਼ੀ ਕੋਈ ਕਸਰ ਨਹੀਂ ਛੱਡੀ। ਸਾਰੀਆਂ ਨਹੀਂ ਤਾਂ ਬਹੁਤੀਆਂ ਗੱਲਾਂ ਤੇ ਅਮਲ ਕਰਨ ਦੀ ਕੋਸ਼ਿਸ਼ ਕਰੀਦੀ ਹੈ। ਹੁਣ ਬੁਢਾਪੇ ਵਿੱਚ ਤਾਂ ਇਹ ਰਿਸ਼ਤਾ ਹੋਰ ਵੀ ਗੂੜ੍ਹਾ ਹੋ ਗਿਆ ਹੈ। ਪਤੀ ਪਤਨੀ ਇੱਥੇ ਆਕੇ ਜੀਵਨਸਾਥੀ ਬਣ ਜਾਂਦੇ ਹਨ। ਦੋਹਾਂ ਨੂੰ ਇੱਕ ਦੂਜੇ ਦੇ ਸਾਥ ਦੀ ਲੋੜ ਜੋ ਹੁੰਦੀ ਹੈ।

**ਰਮੇਸ਼ ਸੇਠੀ ਬਾਦਲ**

**ਸੰਪਰਕ - 9876627233**

## ਹਾਸ ਵਿਅੰਗ: ਫੇਸ ਬੁੱਕ ! ਤੇਰਾ ਸ਼ੁਕਰੀਆ

ਮੈਨੂੰ ਅਜੇ ਤਕ ਇਹ ਸਮਝ ਨਹੀਂ ਆਈ ਕਿ ਮਾਰਕ ਜ਼ੁਕਰ-ਬਰਗ ਜੀ ਮੇਰੇ ਤੇ ਏਨੇ ਦਿਆਲੂ,ਕਿਰਪਾਲੂ ਕਿਉਂ ਤੇ ਕਿਵੇਂ ਹੋ ਗਏ ? ਮੈਂ ਤਾਂ ਪਿਛਲੇ 8-9 ਸਾਲਾਂ ਤੋਂ ਉਨ੍ਹਾਂ ਦੇ ਫੇਸ ਬੁੱਕੀ-ਵਿਹੜੇ ਵਿੱਚ ਅਨਜਾਣੇ ਹੀ ਏਨਾ ਖਲਾਰਾ ਪਾ ਦਿੱਤਾ ਹੈ ਕਿ ਪਤਾ ਨਹੀਂ ਕਿ ਉਹ ਵਿਚਾਰੇ ਇਸ ਦਾ 'ਸਫ਼ਾਇਆ' ਕਿਵੇਂ ਕਰਨ ਜਾਂ ਕਰਾਉਣਗੇ? ਹੋ ਸਕਦਾ,ਉਨ੍ਹਾਂ ਨੂੰ ਸ਼ੱਕ ਪੈ ਗਿਆ ਹੋਵੇ ਕਿ ਇਹ ਮੇਰੇ ਦਿਮਾਗ਼ ਦਾ ਕੰਮ ਨਹੀਂ ਹੋ ਸਕਦਾ,ਸਗੋਂ ਕਿਸੇ ਪੀ ਐਚ. ਡੀ ਵਾਂਗ ਖੋਜ ਪਾਇਰੇਸੀ ਕੀਤੀ ਹੋਵੇਗੀ। ਜਦੋਂ ਕਦੇ ਇਸ ਬਾਰੇ ਸੋਚਦਾ ਹਾਂ ਤਾਂ ਮਨ ਘਬਰਾ ਜਾਂਦਾ ਹਾਂ ਕਿ ਕਿਤੇ ਮੇਰੇ ਪਿੱਛੇ ਵੀ ਇਹ ਆਪਣਾ ਅਨੋਖੀ ਕਿਸਮ ਦਾ ਵਿਜੀਲੈਂਸ ਬਿਊਰੋ ਵਰਗਾ ਕੋਈ ਸੁੰਦਰੀ- ਜਾਲ ਤਾਂ ਨਹੀਂ ਵਿਛਾ ਰਹੇ ਅਤੇ ਮੇਰਾ ਸਾਰਾ ਸ਼ਬਦੀ 'ਮਾਲ-ਮਤਾ' ਆਪਣੇ ਕੰਟਰੋਲ ਹੇਠ ਕਰ ਲੈਣਗੇ,ਜਿਵੇਂ ਕਿ ਆਪਣੀ ਸਰਕਾਰ,ਹਾਰੀ ਹੋਈ ਸਿਆਸੀ ਪਾਰਟੀ ਦੇ ਕੁੱਝ ਆਗੂਆਂ ਜਾਂ ਵਿਧਾਇਕਾਂ ਨਾਲ 'ਪਿਆਰ ਵਰਤਾਰਾ' ਕਰਦੀ ਹੈ।

ਮੇਰਾ ਡਰ, ਸੱਚ ਹੀ ਨਿਕਲਿਆ। ਕਲ ਇੱਕ ਬੀਬਾ ਜੀ ਨੇ ਮੈਨੂੰ ਅਚਾਨਕ ਆ ਝਪਟਾ ਮਾਰਿਆ। ਆਉਦੀ ਹੀ,ਬਿਨਾ ਕਿਸੇ ਰੋਕ-ਟੋਕ ਤੋਂ,ਮੇਰਾ ਹੁਲੀਆ 'ਸਜਾਉਣ



ਲੱਗ ਪਈ। ਹੈਰਾਨ ਸੀ ਕਿ ਇਹ ਕੀ ਹੋਣ ਜਾ ਰਿਹਾ ਹੈ? ਕਿਸੇ ਨੂੰ ਇਹ 89 ਸਾਲ ਦਾ ਭੱਦਰ ਪੁਰਸ਼ ਕੀ ਦੱਸੂ ਕਿ ਇਹ ਕਿੰਨਾ ਕਾਰਨਾਮਿਆਂ ਕਰ ਕੇ 'ਸਿਸਟਮ'ਦੀ ਨਜ਼ਰਾਂ 'ਚ ਚੜ੍ਹਿਆ ਹੋਇਆ ਹੈ। ਪਲ ਭਰ ਵਿੱਚ ਮੈਨੂੰ 'ਨੀਲ ਕੰਠ'ਜਿਹਾ ਬਣਾ ਕੇ,ਸਰਕਾਰੀ ਕਰਮਚਾਰੀ ਦੇ ਰਿਸ਼ਵਤੀ ਚੁੰਮਣ ਵਾਂਗ, ਪਿਆਰ ਦਿਲਾਸਾ ਦਿੰਦੀ ਹੋਈ, ਉਹ ਗਈ,ਉਹ ਗਈ ਤੇ ਫੁਰੂ ਰੁ ਹਵਾ-ਹਵਾਈ ਹੋ ਗਈ। ਸੁਰਜੀਤ ਸਿਓ ਨੂੰ ਪਤਾ ਨਹੀਂ ਕਿਉਂ ਸੁੱਚਾ ਸਿਓ 'ਝੂਠਾ' ਯਾਦ ਆ ਗਿਆ। ਆਪਣਾ ਘਰ ਹੀ ਬਿਊਟੀ ਪਾਰਲਰ ਬਣ ਗਿਆ ਤੇ ਜਵਾਨੀ ਵਾਲਾ ਕਾਰਨਾਮਾ ਹੋ ਗਿਆ। ਅਜੇ ਸਾਡੇ ਪਹਿਲੇ 'ਕਾਰਨਾਮੇ 'ਤੋਂ ਸੁਰਤ ਸੰਭਲੀ ਨਹੀਂ ਸੀ ਕਿ ਅਚਾਨਕ ਇੱਕ ਪਰੀ ਜਿਹੀ ਮੇਮ ਨੇ ਆ ਗਲਵੱਕੜੀ 'ਚ ਦਬੋਚ ਲਿਆ। ਦੇਖਿਆਂ ਤਾਂ ਮੇਰਾ 'ਲਲਾ-ਭਬਾ'ਕਿਤਾਬੀ ਸ਼ਕਲ 'ਚ ਬਣਾ ਕੇ, ਹਿਕੜੀ ਦੀ ਤੱਕੜੀ ਤੇ ਝੂਟੇ-ਮਾਟੇ ਦੇ ਰਹੀ ਸੀ। ਮੈਨੂੰ ਵੀ 'ਭਲਾ-ਭਲਾ'ਲੱਗਿਆ। ਨੀਲ-ਕੰਠੀ ਰੰਗ ਨਾਲੋਂ ਕਿਤੇ ਵੱਧ ਅਨੰਦਮਈ ਪਲ। ਸ਼ਾਇਦ ਮੇਰਾ ਫੇਸ ਬੁੱਕ ਤੇ ਸੁੱਟਿਆਂ ਹੋਇਆ ਕੂੜਾ-ਕਰਕਟ, ਮਾਰਕ ਜ਼ੁਕਰਬਰਗ ਜੀ ਨੇ ਇਸ ਰੂਪ ਵਿੱਚ ਮੈਨੂੰ ਵਾਪਸ ਭੇਜ ਦਿੱਤਾ ਹੋਵੇ।

**ਫੇਸ ਬੁੱਕ! ਤੇਰਾ ਸ਼ੁਕਰੀਆ**

**ਸੁਰਜੀਤ ਸਿੰਘ ਭੁੱਲਰ**

## ਆਪਣਾ ਤਾਂ ਕੰਮ ਹੈ ਸੁਝਾਅ ਦੇਣਾ

ਸਮੱਸਿਆ ਇਹ ਨਹੀਂ ਹੈ ਸਮੱਸਿਆ ਇਹ ਹੈ ਕਿ ਮਾਪੇ ਜਿੰਮੇਵਾਰ ਹਨ ਉਹਨਾਂ ਸਕੂਲਾਂ ਵਿੱਚੋਂ ਕੱਢ ਲੈਣਾ ਚਾਹੀਦਾ ਹੈ ਆਮ ਸਕੂਲਾਂ ਵਿੱਚ ਪਾਣਾ ਚਾਹੀਦਾ ਹੈ ਸਰਕਾਰੀ ਸਕੂਲਾਂ ਵਿੱਚ ਪਾ ਦੇਣਾ ਚਾਹੀਦਾ ਹੈ ਟਿਊਸ਼ਨ ਲਗਾ ਕੇ ਦੇ ਦੇਣੀਆਂ ਚਾਹੀਦੀਆਂ ਹਨ ਤੇ ਇਹ ਕੰਮ ਮਾਪੇ ਹੀ ਕਰ ਸਕਦੇ ਹਨ ਤੇ ਇਹ ਦੁਕਾਨਾਂ ਆਪੇ ਬੰਦ ਹੋ ਜਾਣਗੀਆਂ ਜਿਸ ਵੇਲੇ ਕੋਈ ਖਰੀਦਣ ਵਾਲਾ ਹੀ ਨਹੀਂ ਹੋਵੇਗਾ ਤਾਂ ਫਿਰ ਕਿਸੇ ਦੇ ਘਰ ਜਾ ਕੇ ਤਾਂ ਇਹ ਵੇਚ ਨਹੀਂ ਸਕਦੇ ਕਿਰਪਾ ਕਰਕੇ ਆਪ ਵੀ ਨਿਸ਼ਚਿੰਤ ਰਹੋ ਬੱਚਿਆਂ ਨੂੰ ਵੀ ਕਰ ਦਿਓ ਇਹ ਸਾਡੇ ਆਪਣੇ ਹੱਥ ਵਿੱਚ ਹੈ ਮੈਂ ਤਾਂ ਕਿੰਨੀ ਵਾਰੀ ਪੋਸਟਾਂ ਪਾਉਂਦੇ ਹਾਂ ਕਿ ਆਮ ਘਰਾਂ ਦੇ ਬੱਚੇ ਯੂ ਪੀ ਐਸ ਸੀ ਦੇ ਪੇਪਰ ਪਾਸ ਕਰਦੇ ਹਨ ਤੁਸੀਂ ਰੋਜ ਪੜਦੇ ਹੋ ਤੇ ਵੱਡੇ ਸਕੂਲਾਂ ਵਿੱਚ ਉਹ ਬੱਚੇ ਮੁੱਖ ਮਹਿਮਾਨ ਬਣ ਕੇ ਆਉਂਦੇ ਹਨ ,ਕਈ ਫੰਕਸ਼ਨਾਂ ਤੇ ਆਪਣਾ ਤਾਂ ਕਹਿਣ ਦਾ ਫਰਜ਼ ਹੈ ਬਾਕੀ ਕਈ ਵਾਰੀ ਮੈਨੂੰ ਲੱਗਦਾ ਹੈ ਮੈਂ ਅੰਨਿਆਂ ਦੇ ਸ਼ਹਿਰ ਵਿੱਚ ਸ਼ੀਸ਼ੇ ਵੇਚਦੀ ਹਾਂ ਕੋਈ ਗਲਤੀ ਹੋਵੇ ਤਾਂ ਮਾਫ਼ ਕਰਨਾ ਜੀ ਤੇ ਚੰਗਾ ਲੱਗੇ ਤਾਂ ਇਸ ਰਸਤੇ ਨੂੰ ਅਪਣਾਉਣ ਵਿੱਚ ਆਪ ਟੈਂਸ਼ਨ ਫਰੀ ਹੋ ਜਾਵੋਗੇ।



**ਕੰਵਲਜੀਤ ਕੌਰ ਜੁਨੇਜਾ**



# ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੀ ਅਹਿਮ ਮੀਟਿੰਗ ਹੋਈ

## ਤਕਸ਼ਿਲਾ ਬੁੱਧ ਵਿਹਾਰ 'ਚ ਡਾ. ਅੰਬੇਡਕਰ ਜੈਅੰਤੀ 14 ਅਪ੍ਰੈਲ ਨੂੰ ਮਨਾਈ ਜਾਵੇਗੀ

**ਜਲੰਧਰ (ਪਰਮਜੀਤ ਜੱਸਲ)**-ਪੰਜਾਬ ਬੁੱਧਿਸਟ ਸੋਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਮੀਟਿੰਗ ਤਕਸ਼ਿਲਾ ਮਹਾਂ ਬੁੱਧ ਵਿਹਾਰ ਲੁਧਿਆਣਾ ਵਿਖੇ ਹੋਈ। ਇਸ ਮੌਕੇ ਅਹਿਮ ਮੁੱਦਿਆਂ 'ਤੇ ਵਿਚਾਰ ਵਿਟਾਂਦਰਾ ਕੀਤਾ ਗਿਆ। ਜਿਸ 'ਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ। ਜਿਨਾਂ ਵਿੱਚ ਬੌਧ ਗਯਾ ਮੁਕਤੀ ਅੰਦੋਲਨ ਦੇ 400 ਦਿਨ ਪੂਰੇ ਹੋਣ 'ਤੇ ਸੁਸਾਇਟੀ ਵੱਲੋਂ ਭਿਖਸ਼ੂ ਸੰਘ, ਆਕਾਸ਼ ਲਾਮਾ ਅਤੇ ਅੰਦੋਲਨਕਾਰੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਸਫਲਤਾ ਪੂਰਵਕ ਅੰਦੋਲਨ ਚਾਲੂ ਰੱਖਣ ਦੀ ਵਧਾਈ ਵੀ ਦਿੱਤੀ ਗਈ। ਬੋਧੀ ਆਗੂਆਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਦੀ ਮੰਗ, ਘੱਟ ਗਿਣਤੀ ਕਮਿਸ਼ਨ ਪੰਜਾਬ 'ਚ ਬੋਧੀਆਂ ਨੂੰ ਨੁਮਾਇੰਦਗੀ ਦੇਣ ਬਾਰੇ ਅਤੇ 14 ਅਪ੍ਰੈਲ 26 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 135 ਵਾਂ



ਆਗਮਨ ਦਿਵਸ ਤਕਸ਼ਿਲਾ ਮਹਾਂ ਬੁੱਧ ਵਿਹਾਰ ਵਿਖੇ ਮਨਾਉਣ ਦਾ ਫੈਸਲਾ ਕੀਤਾ। ਮੀਟਿੰਗ 'ਚ ਰਾਮਦਾਸ ਗੁਰੂ , ਰਾਮ ਨਰਾਇਣ ਬੌਧ, ਸੁਰਿੰਦਰ ਸਿੰਘ, ਵਿਜੇ ਕੁਮਾਰ ਮੌਰੀਆ, ਮੇਹਰ ਚੰਦ,ਹੰਸ ਰਾਜ ਸਮਰਾ, ਸਤੀਸ਼ ਕੁਮਾਰ,ਪਰਗਣ ਬਿਲਗਾ, ਗੁਰੂ ਪ੍ਰਸਾਦ ਆਦਿ ਸ਼ਾਮਿਲ ਸਨ। ਭਿਖਸ਼ੂ ਪ੍ਰਗਿਆ ਬੋਧੀ ਨੇ ਸਭ ਨੂੰ ਅਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਸਾਨੂੰ ਤਥਾਗਤ ਬੁੱਧ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਉਪਦੇਸ਼ਾਂ ਅਤੇ ਵਿਚਾਰਧਾਰਾ 'ਤੇ ਚੱਲਣਾ ਚਾਹੀਦਾ ਹੈ। ਅੰਤ ਵਿੱਚ ਐਡਵੋਕੇਟ ਹਰਭਜਨ ਸਾਂਪਲਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਬੌਧ ਗਯਾ ਮੁਕਤੀ ਅੰਦੋਲਨ 'ਚ ਸਾਨੂੰ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ।

# ਕਾਨੂੰਨ ਸਿਰਫ ਕਾਗਜ਼ਾਂ 'ਚ ਇਨਸਾਫ਼ ਕਬਰਾਂ 'ਚ ਪੰਜਾਬ ਕਿੱਥੇ ਖੜਾ ਹੈ?

ਪੰਜਾਬ ਦੀ ਧਰਤੀ ਨੇ ਹਮੇਸ਼ਾਂ ਬਹਾਦਰੀ , ਇਨਸਾਫ਼ ਅਤੇ ਸੱਚ ਦੀ ਆਵਾਜ਼ ਨੂੰ ਜਨਮ ਦਿੱਤਾ ਹੈ । ਪਰ ਅੱਜ ਇਹ ਧਰਤੀ ਇੱਕ ਅਜਿਹੀ ਚੁੱਪ ਵਿੱਚ ਡੁੱਬਦੀ ਨਜ਼ਰ ਆ ਰਹੀ ਹੈ , ਜਿੱਥੇ ਨਾ ਸਿਰਫ਼ ਆਮ ਆਦਮੀ , ਸਗੋਂ ਵਰਦੀ ਧਾਰੀ ਅਤੇ ਅਫਸਰ ਵੀ ਆਤਮ ਹੱਤਿਆਵਾਂ ਲਈ ਮਜਬੂਰ ਹੋ ਰਹੇ ਹਨ । ਇਹ ਸਿਰਫ਼ ਆਤਮਹੱਤਿਆਵਾਂ ਨਹੀਂ ਇਹ ਸਿਸਟਮ 'ਤੇ ਲੱਗਦਾ ਇੱਕ ਵੱਡਾ ਦਾਗ ਹੈ । ਕਦੇ ਕਾਂਗਰਸ ਦੀ ਸਰਕਾਰ , ਕਦੇ ਅਕਾਲੀ ਦਲ ਦੀ, ਤੇ ਅੱਜ ਦੀ ਨਵੀਂ ਸਿਆਸੀ ਤਸਵੀਰ ਹਰੇਕ ਦੌਰ ਵਿੱਚ ਇੱਕ ਗੱਲ ਸਾਂਝੀ ਰਹੀ ਕਾਨੂੰਨ ਦੀ ਕਮਜ਼ੋਰੀ ਅਤੇ ਸਿਆਸੀ ਦਖ਼ਲ । ਕਦੇ ਠੇਕੇਦਾਰਾਂ ਦੀ ਦਹਿਸ਼ਤ , ਕਦੇ ਪੁਲਿਸ 'ਤੇ ਸਿਆਸੀ ਦਬਾਅ ਤੇ ਕਦੇ ਅਫਸਰਾਂ ਦੀ ਬੇਬਸੀ ਇਹ ਸਾਰਾ ਕੁਝ ਇੱਕ ਲੰਬੀ ਕਹਾਣੀ ਬਣ ਚੁੱਕਾ ਹੈ ।

ਜਦੋਂ ਅਸੀਂ ਸੁਣਦੇ ਹਾਂ ਕਿ ਇੱਕ ਜ਼ਿਲ੍ਹਾ ਪੱਧਰ ਦਾ ਅਧਿਕਾਰੀ ਆਤਮ-ਹੱਤਿਆ ਕਰ ਜਾਂਦਾ ਹੈ ਜਾਂ ਇੱਕ ਪੁਲਿਸ ਅਫਸਰ ਆਪਣੇ ਹੀ ਮਨ ਦੇ ਭਾਰ ਹੇਠਾਂ ਟੁੱਟ ਜਾਂਦਾ ਹੈ ਤਾਂ ਸਵਾਲ ਉਠਦਾ ਹੈ ਕਿ ਜਿਹੜੇ ਲੋਕ ਕਾਨੂੰਨ ਦੀ ਰੱਖਿਆ ਲਈ ਖੜਦੇ ਹਨ ਉਹਨਾਂ ਨੂੰ ਕੌਣ ਬਚਾਏਗਾ ? ਇਹ ਸਿਰਫ਼ ਇੱਕ-ਅੱਧ ਘਟਨਾ ਨਹੀਂ । ਇਹ ਇੱਕ ਲੜੀ ਹੈ ਕਦੇ ਕਿਸੇ ਦੀਆਂ ਲੱਤਾਂ ਦਫਤਰ ਵਿੱਚ ਤੋੜ ਦਿੱਤੀਆਂ ਜਾਂਦੀਆਂ ਹਨ ਕਦੇ ਆਪਣੀ ਧੀ ਦੀ ਇੱਜ਼ਤ ਬਚਾਉਣ ਵਾਲੇ ਪਿਤਾ ਨੂੰ ਹੀ ਮਾਰ ਦਿੱਤਾ ਜਾਂਦਾ ਹੈ , ਕਦੇ ਸੱਚ ਬੋਲਣ ਵਾਲੇ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ ।

ਇਹ ਕਤਲ ਸਿਰਫ਼ ਇਨਸਾਨਾਂ ਦੇ ਨਹੀਂ ਇਹ ਕਤਲ ਹਨ ਇਨਸਾਫ਼ ਦੇ , ਹੌਸਲੇ ਦੇ ਅਤੇ ਭਰੋਸੇ ਦੇ ! ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਸਮਾਜ ਕੁਝ ਸਮੇਂ ਲਈ ਝੁਰਦਾ ਹੈ , ਸੋਸ਼ਲ ਮੀਡੀਆ 'ਤੇ ਪੋਸਟਾਂ ਪੈਂਦੀਆਂ ਹਨ, ਤੇ ਫਿਰ ਸਭ ਕੁਝ ਪਹਿਲਾਂ ਵਰਗਾ ਹੋ ਜਾਂਦਾ ਹੈ । ਮੰਨੋਂ ਸਮਾਜ ਨੇ ਦਰਦ ਨੂੰ ਵੀ ਆਦਤ ਬਣਾ ਲਿਆ ਹੋਵੇ ।

ਸਵਾਲ ਸਿਆਸਤ 'ਤੇ ਵੀ ਖੜਾ ਹੁੰਦਾ ਹੈ ਕੀ ਸਰਕਾਰਾਂ ਸਿਰਫ਼ ਵਾਅਦਿਆਂ ਅਤੇ ਇਸ਼ਤਿਹਾਰਾਂ ਤੱਕ ਹੀ ਸੀਮਿਤ ਰਹਿ ਗਈਆਂ ਹਨ ? ਕੀ ਕਾਨੂੰਨ ਸਿਰਫ਼ ਕਿਤਾਬਾਂ ਵਿੱਚ ਹੀ ਰਹਿ ਗਿਆ ਹੈ ? ਜਦੋਂ ਇੱਕ ਅਫਸਰ ਆਪਣੇ ਦਫਤਰ ਵਿੱਚ ਸੁਰੱਖਿਅਤ ਨਹੀਂ ਜਦੋਂ ਇੱਕ ਪੁਲਿਸ ਮੁਲਾਜ਼ਮ ਆਪਣੇ ਹੀ ਸਿਸਟਮ ਤੋਂ ਡਰਦਾ ਹੈ ਤਾਂ ਆਮ ਆਦਮੀ ਦੀ ਹਾਲਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ । ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਖੜਾ ਹੈ, ਜਿੱਥੇ ਚੁੱਪੀ ਵੀ ਇੱਕ ਜੁਰਮ ਬਣ ਚੁੱਕੀ ਹੈ।

ਲੋੜ ਸਿਰਫ਼ ਨਵੇਂ ਕਾਨੂੰਨ ਬਣਾਉਣ ਦੀ ਨਹੀਂ ਸਗੋਂ ਮੌਜੂਦਾ ਕਾਨੂੰਨਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਨ ਦੀ ਹੈ , ਲੋੜ ਪ੍ਰਸ਼ਾਸਨ ਨੂੰ ਸਿਆਸੀ ਦਬਾਅ ਤੋਂ ਆਜ਼ਾਦ ਕਰਨ ਦੀ ਹੈ । ਲੋੜ ਹੈ ਕਿ ਹਰ ਮੌਤ ਦੀ ਸੱਚਾਈ ਬਾਹਰ ਆਵੇ ਭਾਵੇਂ ਉਹ ਕਿਸੇ ਵੀ ਕੁਰਸੀ ਨੂੰ ਕਿਉਂ ਨਾ ਹਿਲਾ ਦੇਵੇ । ਅੰਤ ਵਿੱਚ, ਇਹ ਸਿਰਫ਼ ਸਰਕਾਰਾਂ ਦੀ ਲੜਾਈ ਨਹੀਂ ਇਹ ਸਮਾਜ ਦੀ ਲੜਾਈ ਹੈ ।

ਜੇ ਅਸੀਂ ਅੱਜ ਵੀ ਨਹੀਂ ਜਾਗੇ, ਤਾਂ ਕੱਲ੍ਹ ਸ਼ਾਇਦ ਬੋਲਣ ਵਾਲਾ ਕੋਈ ਨਹੀਂ ਰਹੇਗਾ । ਜਦੋਂ ਕਾਨੂੰਨ ਖਾਮੋਸ਼ ਹੋ ਜਾਵੇ ਤਾਂ ਜੁਲਮ ਬੋਲਣਾ ਸ਼ੁਰੂ ਕਰ ਦਿੰਦਾ ਹੈ । ਪੰਜਾਬ ਨੂੰ ਫਿਰ ਤੋਂ ਉਹੀ ਬਣਾਉਣ ਦੀ ਲੋੜ ਹੈ , ਜਿੱਥੇ ਇਨਸਾਫ਼ ਡਰਦਾ ਨਹੀਂ ਸੀ ਤੇ ਸੱਚ ਮਰਦਾ ਨਹੀਂ ਸੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ,**
**98148 24215**

# ਇਮੀਗ੍ਰੇਸ਼ਨ ਕਟੌਤੀਆਂ ਦਾ ਅਸਰ: ਬੀ.ਸੀ. ਚ ਵਿਦੇਸ਼ੀ ਵਿਦਿਆਰਥੀਆਂ ਦੀ ਘਟੀ

**ਵੈਨਕੂਵਰ, 24 ਮਾਰਚ (ਮਲਕੀਤ ਸਿੰਘ)** – ਕਨੇਡਾ ਵਿੱਚ ਫੈਡਰਲ ਇਮੀਗ੍ਰੇਸ਼ਨ ਕਟੌਤੀਆਂ ਦੇ ਅਸਰ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਉਮੀਦਾਂ ਨਾਲੋਂ ਕਾਫ਼ੀ ਘੱਟ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕਨੇਡਾ ਦੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 2024 ਦੌਰਾਨ ਸਟਡੀ ਪਰਮਿਟ ਮਨਜ਼ੂਰੀਆਂ ਵਿੱਚ ਲਗਭਗ 66 ਫ਼ੀਸਦੀ ਦੀ ਵੱਡੀ ਕਮੀ ਦਰਜ ਕੀਤੀ ਗਈ। ਇਹ ਉਹ ਪਹਿਲਾ




**ਬੀ.ਸੀ. ਵਿੱਚ ਯੂਨੀਵਰਸਿਟੀ ਕੈਂਪਸ 'ਚ ਚਲਦੇ ਫਿਰਦੇ ਵਿਦਿਆਰਥੀਆਂ ਦਾ ਦ੍ਰਿਸ਼।**

ਸਾਲ ਸੀ ਜਦੋਂ ਕੇਂਦਰੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ ਕਟੌਤੀਆਂ ਲਾਗੂ ਕੀਤੀਆਂ ਗਈਆਂ ਸਨ। ਰਿਪੋਰਟ ਅਨੁਸਾਰ ਇਸ ਦੇ ਨਤੀਜੇ ਵਜੋਂ ਬੀ.ਸੀ. ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਵਿੱਚ ਤਿੱਖੀ ਗਿਰਾਵਟ ਆਈ ਹੈ, ਜਿਸ ਨਾਲ ਸਿੱਖਿਆ ਸੰਸਥਾਵਾਂ ਅਤੇ ਅਰਥਵਿਵਸਥਾ 'ਤੇ ਵੀ ਅਸਰ ਪਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਸੂਬੇ ਦੀ ਅਰਥਵਿਵਸਥਾ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਉਨ੍ਹਾਂ ਦੀ ਘੱਟ ਗਿਣਤੀ ਭਵਿੱਖ ਵਿੱਚ ਵੱਡੇ ਪ੍ਰਭਾਵ ਪੈਦਾ ਕਰ ਸਕਦੀ ਹੈ।

# ਸਮਾਜ ਨੂੰ ਸੇਧ ਦੇਣ ਲਈ ਸਾਹਿਤ ਦਾ ਯੋਗਦਾਨ

ਅਸਲ ਵਿੱਚ ਸਾਹਿਤ ਮਨੁੱਖੀ ਭਾਵਨਾਵਾਂ, ਵਿਚਾਰਾਂ ਅਤੇ ਸਮਾਜਿਕ ਯਥਾਰਥ ਦਾ ਸ਼ਬਦਾਂ ਰਾਹੀਂ ਕਲਾਤਮਕ ਪ੍ਰਗਟਾਵਾ ਹੁੰਦਾ ਹੈ ਹੈ। ਇਹ ਭੂਤਕਾਲ ਅਤੇ ਵਰਤਮਾਨ ਜੀਵਨ ਦੀ ਤਸਵੀਰ ਨੂੰ ਸੁੰਦਰ ਅਤੇ ਦਿਲਕਸ਼ ਢੰਗ ਨਾਲ ਪੇਸ਼ ਕਰਦਾ ਹੈ। ਸਾਹਿਤ ਦਾ ਮੁੱਖ ਉਦੇਸ਼ ਮਨੁੱਖੀ ਮਨ ਨੂੰ ਰਸ ਅਤੇ ਅਨੰਦ ਪ੍ਰਦਾਨ ਕਰਨਾ, ਅਤੇ ਜੀਵਨ ਨੂੰ ਉੱਚਾ ਚੁੱਕਣ ਲਈ ਮਾਰਗਦਰਸ਼ਨ ਕਰਨਾ ਹੈ। ਸਹੀ ਅਰਥਾਂ ਵਿੱਚ ਸਾਹਿਤ ਕਿਸੇ ਵੀ ਲਿਖਤ ਨੂੰ ਕਿਹਾ ਜਾ ਸਕਦਾ ਹੈ। ਜ਼ਿਆਦਾ ਸਪਸ਼ਟ ਅਰਥਾਂ ਵਿੱਚ ਇਹ ਆਮ ਬੋਲੀ ਜਾਣ ਵਾਲੀ ਭਾਸ਼ਾ ਤੋਂ ਚਾਹੇ ਵੱਖਰੀ ਰਚਨਾਤਮਕ ਅਤੇ ਸੁਹਜਾਤਮਕ ਰਚਨਾ ਹੁੰਦੀ ਹੈ ਪਰ ਫਿਰ ਵੀ ਇਸ ਉੱਤੇ ਲੇਖਕ ਦੀ ਬੋਲੀ ਅਤੇ ਸਮਾਜਿਕ ਵਰਤਾਰੇ ਦਾ ਪ੍ਰਭਾਵ ਜ਼ਰੂਰ ਚੜ੍ਹਿਆ ਹੋਇਆ ਹੁੰਦਾ ਹੈ। ਕਵਿਤਾ, ਨਾਵਲ, ਕਹਾਣੀ, ਡਰਾਮਾ ਆਦਿ ਇਸ ਦੇ ਮੁੱਖ ਰੂਪ ਹੁੰਦੇ ਹਨ। ਸਾਹਿਤ ਦੇ ਇੰਨਾਂ ਰੂਪਾਂ ਵਿੱਚੋਂ ਕੋਈ ਵੀ ਰੂਪ ਦੇਖ ਲਵੋ, ਉਹ ਸਾਡੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ, ਸਾਡੇ ਆਲੇ ਦੁਆਲੇ ਵਿੱਚ ਪ੍ਰਾਣੀਆਂ ਦੇ ਆਪਸੀ ਵਿਹਾਰ, ਮੁਸ਼ਕਲਾਂ,ਹਾਸੇ, ਦੁੱਖ,ਸੁੱਖ, ਕਿਰਿਆਵਾਂ ਅਤੇ ਪ੍ਰਤੀਕਿਰਿਆਵਾਂ ਜਾਂ ਹੋਰ ਕੋਈ ਵੀ ਪਹਿਲੂ ਹੋਵੇ, ਵਿੱਚੋਂ ਉਪਜਿਆ ਹੋਇਆ ਹੁੰਦਾ ਹੈ। ਇਸੇ ਲਈ ਸਾਹਿਤ ਅਤੇ ਸਮਾਜ ਦੋਵੇਂ ਇੱਕ ਦੂਜੇ ਦਾ ਅਨਿੱਖੜਵਾਂ ਅੰਗ ਹੁੰਦੇ ਹਨ। ਸਾਹਿਤ ਅਤੇ ਸਮਾਜ ਨੂੰ ਇੱਕ ਦੂਜੇ ਦਾ ਦਰਪਣ ਵੀ ਆਖ ਦਿੱਤਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਅਜੋਕੇ ਸਮੇਂ ਵਿੱਚ ਅਜਿਹਾ ਸਾਹਿਤ ਰਚਣ ਦੀ ਲੋੜ ਹੈ ਜੋ ਮਨੁੱਖੀ ਜੀਵਨ ਦੀਆਂ ਗਿਰ ਰਹੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਸੰਭਾਲਣ ਦਾ ਜ਼ਿੰਮਾ ਲਵੇ। ਹਰ ਸਾਹਿਤਕਾਰ ਦਾ ਕਾਰਜ ਸਿਰਫ਼ ਆਪਣੀ ਰਚਨਾ ਲਿਖਣਾ, ਪੜ੍ਹਨਾ ਜਾਂ ਸੁਣਾ ਕੇ ਪੇਸ਼ ਕਰਨ ਅਤੇ ਵਾਹ ਵਾਹ ਖੱਟਣ ਤੱਕ ਸੀਮਤ ਨਹੀਂ ਹੋਣਾ ਚਾਹੀਦਾ।ਉਸ ਉੱਤੇ ਸਿਰਫ਼ ਆਪਣੀ ਸੋਚ ਅਤੇ ਮਨਸ਼ਾ ਹੀ ਭਾਰੂ ਨਾ ਹੋਣ ਦਿੱਤੀ ਜਾਵੇ। ਸਮਾਜ ਵਿੱਚ ਵਿਚਰਦਿਆਂ ਕਿਸੇ ਵੀ ਰਚਨਾਕਾਰ ਦੁਆਰਾ ਨਿੱਜੀ ਲਾਹੇ ਜਾਂ ਨਾਮਣੇ ਖੱਟਣ ਲਈ ਨਿਰੀਆਂ ਉਹੀ ਗੱਲਾਂ ਬਿਆਨ ਨਾ ਕੀਤੀਆਂ ਜਾਣ ਜੋ ਲੋਕਾਂ ਦੀ ਮੁੱਢਲੀ ਪਸੰਦ ਤਾਂ ਬਣ ਜਾਣ ਪਰ ਨੈਤਿਕਤਾ ਦਾ ਘਾਣ ਕਰਦੀਆਂ ਹੋਣ।

ਸਾਡੀ ਨਵੀਂ ਪੀੜ੍ਹੀ ਪਹਿਲਾਂ ਹੀ ਜਾਣੇ ਅਣਜਾਣੇ ਬਹੁਤ ਸਾਰੀਆਂ ਸਮੱਸਿਆਵਾਂ ਵਿੱਚੋਂ ਗੁਜ਼ਰ ਰਹੀ ਹੈ। ਪਹਿਲਾਂ ਹੀ ਕਈ ਸਮਾਜਿਕ ਕੋਹੜ ਉਹਨਾਂ ਵੱਲ ਮੂੰਹ ਅੱਡੀ ਖੜ੍ਹੇ ਹਨ। ਸਾਡੇ ਬੱਚਿਆਂ ਦੀ ਹਾਲਤ ਬਿਲਕੁਲ ਇਸੇ ਤਰ੍ਹਾਂ ਹੈ ਜਿਵੇਂ ਕੰਡਿਆਲੀਆਂ ਟਾਹਣੀਆਂ ਉੱਤੇ ਨਵੀਆਂ ਫੁੱਟਦੀਆਂ ਕਰੂੰਬਲਾਂ ਹੋਣ। ਪੜ੍ਹਾਈ ਵੱਲ ਪ੍ਰੇਰਿਤ ਕਰਨ ਦੇ ਨਾਲ ਨਾਲ ਅੱਜ ਦੀ ਜਵਾਨੀ ਨੂੰ ਨਸ਼ੇ, ਸੋਸ਼ਲ ਮੀਡੀਆ, ਜਾਂ ਫੋਕੀ ਸ਼ੁਹਰਤ ਖੱਟਣ ਦੀ ਹੋੜ ਤੋਂ ਬਚਾਉਣ ਲਈ ਮਾਪਿਆਂ ਦੇ ਨਾਲ ਨਾਲ ਸਾਹਿਤ ਜਗਤ ਇਸ ਵਿੱਚ ਬਾਖੂਬ ਯੋਗਦਾਨ ਪਾ ਸਕਦਾ ਹੈ।ਜੇ ਸਾਹਿਤਕਾਰ ਹੀ ਆਪਣੀਆਂ ਰਚਨਾਵਾਂ ਨੂੰ ਦਿਲਚਸਪ ਬਣਾਉਣ ਦੇ ਚੱਕਰ ਵਿੱਚ ਇਹਨਾਂ ਚੀਜ਼ਾਂ ਨੂੰ ਵਡਿਆ ਕੇ ਪੇਸ਼ ਕਰਨਗੇ ਤਾਂ ਨਵੀਂ ਪੀੜ੍ਹੀ ਉੱਪਰ ਉਹੀ ਰੰਗਤ ਚਾੜ੍ਹੇਗਾ। ਇਹੋ ਜਿਹਾ ਸਾਹਿਤ ਸਮਾਜ ਲਈ ਘਾਤਕ ਸਿੱਧ ਹੋਵੇਗਾ। ਸੋਸ਼ਲ ਮੀਡੀਆ ਉੱਪਰ ਸਾਹਿਤਕਾਰਾਂ ਨੂੰ ਸਮਾਜਿਕ ਬੁਰਿਆਈਆਂ ਦਾ ਆਭਾਸ ਕਰਵਾਉਂਦੀਆਂ ਤੇ ਉਹਨਾਂ ਦੇ ਬੁਰੇ ਨਤੀਜਿਆਂ ਤੋਂ ਜਾਣੂ ਕਰਵਾਉਂਦੀਆਂ ਰਚਨਾਵਾਂ ਪੇਸ਼ ਕਰਨ ਦੇ ਨਾਲ ਨਾਲ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਰਚਨਾਵਾਂ ਦੀ ਪੇਸ਼ਕਾਰੀ ਕੀਤੀ ਜਾਵੇ ਤਾਂ ਜੋ ਉਹ ਹਰ ਕਿਸੇ ਤੱਕ ਸਹਿਜੇ ਹੀ ਪਹੁੰਚ ਕੇ ਵਰਦਾਨ ਹੋ ਨਿਬੜਨ।



ਸਾਡੇ ਅਜੋਕੇ ਸਮਾਜ ਵਿੱਚ ਸਿਰਫ਼ ਕਿਸ਼ੋਰ ਅਵਸਥਾ ਵੱਲ ਧਿਆਨ ਦੇਣ ਦੀ ਲੋੜ ਹੀ ਨਹੀਂ ਹੈ ਬਲਕਿ ਹਰ ਵਰਗ ਨੂੰ ਸੇਧ ਦੇਣ ਦੀ ਲੋੜ ਹੈ। ਕਈ ਲੇਖਣੀਆਂ ਇਸਤਰੀ ਮਰਦ ਦੇ ਨਾਜਾਇਜ਼ ਸਬੰਧਾਂ ਨੂੰ ਪੇਸ਼ ਕਰਕੇ ਪਿਆਰ ਦੀ ਤਰਫ਼ਦਾਰੀ ਕਰਦੀਆਂ ਬਹੁਤ ਦਿਲਚਸਪ ਢੰਗ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਾਡੇ ਸਮਾਜ ਵਿੱਚ ਇਹੋ ਜਿਹੀਆਂ ਘਟਨਾਵਾਂ ਦਿਨੋਂ ਦਿਨ ਵਧ ਰਹੀਆਂ ਹਨ, ਜਿਨ੍ਹਾਂ ਦਾ ਸ਼ਿਕਾਰ ਹੋ ਕੇ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ। ਇਹੋ ਜਿਹਾ ਸਾਹਿਤ ਕਿਸ ਕੰਮ ਦਾ ਜੋ ਸਾਡੀ ਸੱਭਿਅਤਾ ਬਰਬਾਦ ਕਰ ਰਿਹਾ ਹੋਵੇ। ਸੋ ਮੁੱਕਦੀ ਗੱਲ ਇਹ ਹੈ ਕਿ ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਨੂੰ ਦਿਲਚਸਪ ਅਤੇ ਵਿਲੱਖਣ ਅੰਦਾਜ਼ ਦੇਣ ਦੇ ਨਾਲ ਨਾਲ ਸਮਾਜ ਦੇ ਹਰ ਵਰਗ ਨੂੰ ਸਮਰਪਿਤ ਰਚਨਾਵਾਂ ਪੇਸ਼ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਆਮ ਲੋਕਾਂ ਦੀ ਸਮਾਜਿਕ ਅਤੇ ਸੱਭਿਆਚਾਰਕ ਵਿਗੜ ਰਹੀ ਵਿਚਾਰਧਾਰਾ ਨੂੰ ਲੀਹੇ ਪਾਇਆ ਜਾ ਸਕੇ। ਕੋਈ ਵੀ ਸਾਹਿਤ ਦੀ ਸਿਰਜਣਾ ਅਗਰ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਸਮਾਜ ਨੂੰ ਸੇਧ ਦੇਣ ਵਾਲੀ ਕੀਤੀ ਜਾਵੇ ਤਾਂ ਉਹ ਸਾਹਿਤ ਸਮਾਜ ਲਈ ਵਰਦਾਨ ਸਾਬਤ ਹੋਵੇਗਾ। ਬੇਸ਼ੱਕ ਜਟਿਲ ਅਤੇ ਔਖੀ ਤੋਂ ਔਖੀ ਸ਼ਬਦਾਵਲੀ ਦੀ ਵਰਤੋਂ ਕਰਕੇ ਪੇਸ਼ ਕੀਤੀਆਂ ਰਚਨਾਵਾਂ ਅਕਾਦਮਿਕ ਅਤੇ ਬੁੱਧੀਜੀਵੀ ਖੇਤਰ ਵਿੱਚ ਸਰਾਹੀਆਂ ਜਾਂਦੀਆਂ ਹਨ ਪਰ ਸਮਾਜ ਵਿੱਚ ਸਰਲ ਤਰੀਕੇ ਨਾਲ ਪੇਸ਼ ਕੀਤੀਆਂ ਗਈਆਂ ਰਚਨਾਵਾਂ ਡੂੰਘਾ ਪ੍ਰਭਾਵ ਪਾਉਂਦੀਆਂ ਹਨ ਕਿਉਂਕਿ ਕਿ ਇਹ ਹਰ ਕਿਸੇ ਦੀ ਸਮਝ ਵਿਚ ਜਲਦੀ ਆ ਜਾਂਦੀਆਂ ਹਨ। ਹਰ ਸਾਹਿਤਕਾਰ ਨੂੰ ਪਿਆਰ, ਹਮਦਰਦੀ, ਸਮਾਜਿਕ ਚੇਤਨਾ, ਯਥਾਰਥਵਾਦੀ, ਅਗਾਂਹਵਧੂ ਤੇ ਇਨਕਲਾਬੀ ਵਿਚਾਰਾਂ ਵਾਲੀਆਂ ਮਾਰਗਦਰਸ਼ਕ ਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਸਰਲ ਭਾਸ਼ਾ ਵਿੱਚ ਦਿਲਚਸਪ ਢੰਗ ਨਾਲ ਪੇਸ਼ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪਾਠਕ ਉਸ ਨੂੰ ਪੜ੍ਹਦੇ ਹੋਏ ਆਨੰਦ ਮਾਣਦੇ ਮਾਣਦੇ ਸੁੱਤੇ ਸਿੱਧ ਹੀ ਕੁਝ ਚੰਗਾ ਵੀ ਸਿੱਖਣ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਮਿਡ-ਡੇਅ ਮੀਲ ਆਊਟਸੋਰਸਿੰਗ ਨੂੰ ਚੁਣੌਤੀ, ਮਾਰਕਫੈੱਡ ਨੂੰ 60 ਦਿਨਾਂ ਅੰਦਰ ਫ਼ੈਸਲਾ ਲੈਣਾ ਪਵੇਗਾ, ਹਾਈ ਕੋਰਟ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੇ 2022 ਦੇ ਸਰਕਾਰੀ ਸਕੂਲੀ ਬੱਚਿਆਂ ਲਈ ਮਿਡ-ਡੇਅ ਮੀਲ ਦੀ ਤਿਆਰੀ ਅਤੇ ਸਪਲਾਈ - ਨਾਲ ਹੀ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਪੌਸ਼ਟਿਕ ਪੂਰਕ ਭੋਜਨ - ਨੂੰ ਵੱਡੀਆਂ ਨਿੱਜੀ ਸੰਸਥਾਵਾਂ ਨੂੰ ਆਊਟਸੋਰਸ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ। ਅਦਾਲਤ ਨੇ ਮਾਰਕਫੈੱਡ ਨੂੰ ਇਸ ਮਾਮਲੇ ਬਾਰੇ 60 ਦਿਨਾਂ ਦੇ ਅੰਦਰ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਪਟੀਸ਼ਨ ਦਾਇਰ ਕਰਦੇ ਹੋਏ, 'ਪਬਲਿਕ ਅਗੇਂਸਟ ਅਡਲਟ੍ਰੇਸ਼ਨ ਵੈਲਫੇਅਰ ਐਸੋਸੀਏਸ਼ਨ' ਨੇ ਦਲੀਲ ਦਿੱਤੀ ਕਿ ਆਊਟਸੋਰਸ ਕਰਨ ਦਾ ਕਦਮ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਸਿਧਾਂਤਾਂ ਦੇ ਨਾਲ-ਨਾਲ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਜੋ ਪਿੰਡ ਜਾਂ ਪੰਚਾਇਤ ਪੱਧਰ 'ਤੇ ਸਥਾਨਕ ਸਵੈ-ਸਹਾਇਤਾ ਸਮੂਹਾਂ (ਸ਼੍ਰਘਸ) ਅਤੇ 'ਮਹਿਲਾ ਮੰਡਲਾਂ' (ਮਹਿਲਾ ਸਮੂਹਾਂ) ਰਾਹੀਂ ਵਿਕੇਂਦਰੀਕ੍ਰਿਤ ਤਿਆਰੀ ਅਤੇ ਵੰਡ ਨੂੰ ਲਾਜ਼ਮੀ ਬਣਾਉਂਦਾ ਹੈ। ਪਟੀਸ਼ਨਰ ਨੇ ਕਿਹਾ ਕਿ




2004 ਤੋਂ, ਪੰਜਾਬ 'ਵੇਰਕਾ' ਵਰਗੀਆਂ ਸਰਕਾਰੀ ਸਹਿਕਾਰੀ ਸਭਾਵਾਂ ਰਾਹੀਂ 'ਟੇਕ-ਹੋਮ ਰਾਸ਼ਨ' ਅਤੇ ਮਿਡ-ਡੇਅ ਮੀਲ ਤਿਆਰ ਕਰਨ ਅਤੇ ਵੰਡਣ ਲਈ ਇੱਕ ਵਿਕੇਂਦਰੀਕ੍ਰਿਤ ਮਾਡਲ ਦੀ ਪਾਲਣਾ ਕਰ ਰਿਹਾ ਹੈ। ਹਾਲਾਂਕਿ, 2022 ਵਿੱਚ, ਰਾਜ ਨੇ ਨਵੇਂ ਟੈਂਡਰ ਜਾਰੀ ਕੀਤੇ ਅਤੇ ਚਾਰ ਨਿੱਜੀ ਕੰਪਨੀਆਂ ਨੂੰ ਠੇਕੇ ਦਿੱਤੇ - ਜਿਨ੍ਹਾਂ ਵਿੱਚੋਂ ਕੁਝ ਵਿੱਚ ਕਥਿਤ ਤੌਰ 'ਤੇ 'ਪੰਜੀਰੀ' ਵਰਗੀਆਂ ਪੌਸ਼ਟਿਕ ਭੋਜਨ ਵਸਤੂਆਂ ਤਿਆਰ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੀ ਘਾਟ ਸੀ। ਪਟੀਸ਼ਨਰ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੇ ਫੈਸਲੇ ਨੇ ਟੈਂਡਰ ਵਿਸ਼ੇਸ਼ਤਾਵਾਂ ਵਿੱਚ ਉੱਚ ਟਰਨਓਵਰ ਅਤੇ ਸਮਰੱਥਾ ਸੰਬੰਧੀ ਸਖ਼ਤ ਸ਼ਰਤਾਂ ਲਗਾ ਕੇ ਛੋਟੇ ਸਥਾਨਕ ਉਤਪਾਦਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਹਰ ਰੱਖਿਆ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਸਿਰਫ ਵੱਡੇ ਖਿਡਾਰੀ - ਅਕਸਰ ਰਾਜਨੀਤਿਕ ਹਸਤੀਆਂ ਨਾਲ ਨੇੜਲੇ ਸਬੰਧ ਰੱਖਣ ਵਾਲੇ - ਯੋਗ ਰਹਿਣ। ਪਟੀਸ਼ਨਰ ਨੇ ਸਵਾਲ ਕੀਤਾ: "ਜੇਕਰ ਕਿਸੇ ਸੰਗਠਨ ਦਾ ਸਾਲਾਨਾ ਟਰਨਓਵਰ 35 ਕਰੋੜ ਹੈ, ਤਾਂ ਇਸਦੀ ਤੁਲਨਾ ਪਿੰਡ ਪੱਧਰ 'ਤੇ *ਖਿਚੜੀ* ਜਾਂ *ਪੰਜੀਰੀ* ਤਿਆਰ ਕਰਨ ਵਾਲੇ ਸਵੈ-ਸਹਾਇਤਾ ਸਮੂਹ ਨਾਲ ਕਿਵੇਂ ਕੀਤੀ ਜਾ ਸਕਦੀ ਹੈ?" ਅਦਾਲਤ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ ਦਾ ਜਵਾਬ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਸ ਤੋਂ ਇਲਾਵਾ, ਪਟੀਸ਼ਨਰ ਨੇ ਦੋਸ਼ ਲਗਾਇਆ ਹੈ ਕਿ ਆਊਟਸੋਰਸਿੰਗ ਕਾਰਨ ਉਤਪਾਦ ਦੀ ਗੁਣਵੱਤਾ ਵਿੱਚ ਕਮੀਆਂ ਆਈਆਂ ਹਨ, ਜਿਸ ਵਿੱਚ ਸਪਲਾਈ ਕੀਤੇ ਗਏ ਭੋਜਨ ਵਿੱਚ ਫੰਗਲ ਦੂਸ਼ਣ ਦੇ ਮਾਮਲੇ ਸ਼ਾਮਲ ਹਨ।


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com